# ਅੰਮ੍ਰਿਤ ਕੀਰਤਨ

ਅੰਕ 9 ਸਾਲ ਚੌਥਾ ਸਤੰਬਰ – 1992




ਆਨਰੇਰੀ ਸੰਪਾਦਕ ਡਾ: ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

9 ਸਾਲ ਚੌਥਾ ਸਤੰਬਰ 1992

ਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
. ਤ੍ਰਿਲੋਚਨ ਸਿੰਘ ਤਰਸੀ
. ਕਰਨੈਲ ਸਿੰਘ ਸੋਮਲ
ਭਜਨ ਸਿੰਘ ਚੋਪੜਾ
ਕੁਲਦੀਪ ਸਿੰਘ
ਸਤਵਿੰਦਰ ਸਿੰਘ

ਤਕਾਰ : ਗੁਰਦੀਪ ਸਿੰਘ ਦੀਪ

ਠੀ ਪੱਤਰ ਲਈ ਪਤਾ :
ਮ੍ਰਿਤ ਕੀਰਤਨ ਟ੍ਰਸਟ (ਰਜਿ)
22 ਸੈਕਟਰ 15 ਏ
ਡੀਗੜ੍ਹ-160015
ਨ : 24660

ਦੇ ਦਾ ਵੇਰਵਾ
ਕ ਕਾਪੀ 5 ਰੁਪਏ
ਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ '92' 4
2. ਧੁਨੀ —ਆਵਤ ਸਿੰਘ 7
3. ਹਜ਼ੂਰੀ ਰਾਗੀ-ਭਾਈ ਨਿਰਮਲ ਸਿੰਘ ਖਾਲਸਾ — ਇੰਦਰਜੀਤ ਸਿੰਘ ਗੋਗੋਆਣੀ 9
4. ਗੁਰਬਾਣੀ ਤੇ ਰਾਗ-ਰਸ ਦਾ ਸੰਬੰਧ — ਸ਼ੰਕਰ ਲਾਲ ਮਿਸ਼ਰ 11
5. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ — ਡਾ. ਜਾਗੀਰ ਸਿੰਘ 15
6. ਕੀਰਤਨ ਟੂਰ-ਮੇਰਾ ਜੀਵਨ ਮਨੋਰਥ — ਜੇ ਪੀ. ਨੰਦਾ 20
7. ਆਸਾ ਦੀ ਵਾਰ ਦਾ ਵੀ ਲੜੀਵਾਰ ਵਿਚਾਰ — ਪ੍ਰੇਮ ਸਿੰਘ 'ਪ੍ਰੇਮ' 24
8. ਗੁਰਬਾਣੀ ਸੰਗੀਤ ਅਤੇ ਗੁਰਮਤਿ ਸਮਾਚਾਰ 27
9. ਸੁਰ ਲਿਪੀ ਤੇ ਸ਼ਬਦ-ਅਰਥ : ਰਾਗ ਭੈਰਉ — ਸ. ਉੱਤਮ ਸਿੰਘ, ਸ. ਹਰਿਭਜਨ ਸਿੰਘ 30
10. ਸੁਰ ਲਿਪੀ ਤੇ ਸ਼ਬਦ-ਅਰਥ : ਰਾਗ ਪ੍ਰਭਾਤੀ 32

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਤੀ ਪ੍ਰਵਾਣਿਤ ਹੈ।

# ੴ

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' 92

(7, 8, 9, 10, 11 ਅਕਤੂਬਰ 1992)

ਕੀਰਤਨ ਸ਼ਬਦ ਨਿਰੋਲ ਸਿੱਖ ਪਰਿਭਾਸ਼ਕ ਸ਼ਬਦਾਵਲੀ ਦੀ ਦੇਣ ਹੈ ਅਤੇ ਇਸ ਦੇ ਅਰਥ ਵੀ ਸਿੱਖ ਪਰੰਪਰਾ ਨਾਲ ਹੀ ਜੁੜੇ ਹੋਏ ਹਨ। ਕੀਰਤਨ ਦਾ ਭਾਵ ਜੱਸ-ਵਡਿਆਈ ਹੈ। ਇਸੇ ਤੋਂ ਰਾਗ-ਸਹਿਤ ਕਰਤਾਰ ਦੇ ਗੁਣ ਗਾਉਣ ਨੂੰ ਕੀਰਤਨ ਕਿਹਾ ਗਿਆ, ਕਰਤਾਰ ਦੇ ਜੱਸ ਦਾ ਸਰੂਪ ਗੁਰੂ-ਸ਼ਬਦ ਜਾਂ ਗੁਰਬਾਣੀ ਹੈ। ਗੁਰੂ ਜੀ ਨੇ ਇਸ ਨਾਲ ਰਾਗ ਦੀ ਅਧਿਆਤਮਕ ਸੂਖਮਤਾ ਨੂੰ ਰਲਾ ਕੇ ਕੀਰਤਨ ਪਰੰਪਰਾ ਦੀ ਨੀਂਹ ਰੱਖੀ। ਜਿਸ ਰਾਗ ਦੇ ਮਾਧਿਅਮ ਨਾਲ ਗੁਰੂ ਸ਼ਬਦ ਦਾ ਗਾਇਣ ਕਰਕੇ ਚੰਚਲ ਮਨੁੱਖੀ ਮਨ ਦੀਆਂ ਸੂਖਮ ਤੇ ਨਰੋਈਆਂ ਭਾਵਨਾਵਾਂ ਨੂੰ ਟੁੰਬਿਆ ਤੇ ਕੀਲਿਆ ਜਾ ਸਕੇ, ਉਹੀ ਰਾਗ ਗੁਰਮਤਿ ਵਿਚ ਪ੍ਰਵਾਨ ਚੜ੍ਹਿਆ ਹੈ। ਇਸੇ ਲਈ ਗੁਰਬਾਣੀ ਰਚਨਾ ਲਈ ਗੁਰੂ ਜੀ ਨੇ ਮੇਘ ਤੇ ਦੀਪਕ ਵਰਗੇ ਹੋਰ ਕਈ ਰਾਗਾਂ ਦੀ ਵਰਤੋਂ ਨਹੀਂ ਕੀਤੀ। ਇਸ ਪ੍ਰਕਾਰ ਕੀਰਤਨ ਸਿੱਖ ਧਰਮ ਦੀ ਮੁੱਢਲੀ ਪਰੰਪਰਾ ਹੈ ਜੋ ਸਿੱਖ ਸਮਾਜੀ ਢਾਂਚੇ ਦਾ ਧੁਰਾ ਹੈ ਅਤੇ ਹਰੇਕ ਸਿੱਖ ਦੀ ਰੋਜ਼ਾਨਾ ਧਾਰਮਕ ਕਿਰਿਆ ਦਾ ਅਨਿਖੜਵਾਂ ਅੰਗ ਹੈ। ਗੁਰੂ ਜੀ ਨੇ ਆਪ ਹੀ ਗੁਰਬਾਣੀ ਵਿਚ ਕੀਰਤਨ ਦਾ ਮਹਤੱਵ ਦਰਸਾਇਆ ਹੈ। "ਕੀਰਤਨੁ ਨਿਮੋਲਕ ਹੀਰਾ" "ਕਲਜੁਗ ਮਹਿ ਕੀਰਤਨ ਪ੍ਰਧਾਨਾ" ਅਤੇ ਤਹਾ ਬੈਕੁੰਠੁ ਜਹ ਕੀਰਤਨੁ ਤੇਰਾ" ਕਹਿ ਕੇ ਉਨ੍ਹਾਂ ਨੇ ਸਿੱਖ ਨੂੰ ਕੀਰਤਨ ਦੀ ਕਿਰਿਆ ਵਿਚ ਸ਼ਾਮਲ ਹੋਣ ਲਈ ਉਤਸ਼ਾਹ ਦਿੱਤਾ ਤੇ ਕਿਹਾ : "ਕਰਿ ਕੀਰਤਨੁ ਹੋਇ ਉਧਾਰੁ"। ਸਿੱਖ ਧਰਮ ਵਿਚ ਕੀਰਤਨ ਪਰੰਪਰਾ ਦੇ ਮਹੱਤਵ ਨੂੰ ਇਸ ਤੱਥ ਤੋਂ ਵੀ ਲਖਿਆ ਜਾ ਸਕਦਾ ਹੈ ਕਿ ਗੁਰੂ ਜੀ ਨੇ ਸਾਰੀ ਬਾਣੀ ਰਾਗ ਵਿਧੀ-ਵਿਧਾਨ ਅਨੁਸਾਰ ਰਚੀ ਅਤੇ ਕੇਵਲ ਨਿਰੋਲ ਗੁਰਬਾਣੀ-ਗਾਇਣ ਲਈ ਹੀ ਕੀਰਤਨ ਸ਼ਬਦ ਦੀ ਵਰਤੋਂ ਕੀਤੀ ਗਈ।

ਪਰ ਬਦਲਦੀਆਂ ਪ੍ਰਸਥਿਤੀਆਂ ਅਤੇ ਸੰਚਾਰ ਸਾਧਨਾਂ ਦੇ ਵਿਕਾਸ ਨਾਲ ਪ੍ਰਭਾਵਤ ਹੋਈਆਂ ਲੋਕ-ਰੁਚੀਆਂ ਕਾਰਨ ਸਾਡੇ ਕੀਰਤਨੀਏ ਕੀਰਤਨ ਪਰੰਪਰਾ ਦੇ ਮੂਲ ਸਿਧਾਤਾਂ ਤੋਂ ਲਾਂਭੇ ਜਾਣ ਲੱਗ ਪਏ। ਤਕਨੀਕੀ ਕਾਢਾਂ ਨੇ ਅੰਤਰ-ਪ੍ਰਭਾਵਾਂ ਦੇ ਵਸੀਲੇ

ਇਤਨੇ ਪੈਦਾ ਕਰ ਦਿੱਤੇ ਹਨ ਕਿ ਕੀਰਤਨ ਦੇ ਅਸਲ ਸਰੂਪ ਦੇ ਅਲੋਪ ਹੋ ਜਾਣ ਦਾ ਵੀ ਡਰ ਸੀ। ਹੁਣ ਤੱਕ ਸਮੂਹਕ ਤੌਰ ਤੇ ਪੰਥ ਇਸ ਪੱਖੋਂ ਅਵੇਸਲਾ ਹੀ ਰਿਹਾ ਹੈ। ਪਿਛਲੇ ਲਗਭੱਗ ਤਿੰਨ ਜਾਂ ਚਾਰ ਦਹਾਕਿਆਂ ਤੋਂ ਕੀਰਤਨ ਦਰਬਾਰਾਂ ਦੀ ਪਰਪਾਟੀ ਤਾਂ ਉਭਰ ਕੇ ਸਾਹਮਣੇ ਆਈ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਰਾਗਾਂ ਦੀ ਵਿਧੀ-ਵਿਧਾਨ ਅਨੁਸਾਰ ਗੁਰਬਾਣੀ ਗਾਇਣ ਦੀ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਵੱਲ ਧਿਆਨ ਨਹੀਂ ਖਿੱਚਿਆ ਗਿਆ। ਸ਼ਾਇਦ ਇਹ ਕਾਰਜ ਸਤਿਗੁਰੂ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ (ਲੁਧਿਆਣਾ) ਵਾਲਿਆਂ ਲਈ ਰਾਖਵਾਂ ਹੀ ਰੱਖ ਲਿਆ ਸੀ। ਸੰਗਤਾਂ ਦੀ ਬੇਨਤੀ ਤੇ ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਸਥਾਪਤ ਕਰਨ ਤੋਂ ਸ਼ੀਘਰ ਹੀ ਪਿਛੋਂ ਉਨ੍ਹਾਂ ਨੇ ਕੀਰਤਨ ਪਰੰਪਰਾ ਦੇ ਨਿਰੋਲ ਸਿੱਖੀ ਸਰੂਪ ਦੀ ਸੰਭਾਲ ਅਤੇ ਰਾਗਾਂ ਵਿਚ ਗੁਰਬਾਣੀ ਗਾਇਣ ਦੀ ਪੱਧਤੀ ਨੂੰ ਪੁਨਰ ਸੁਰਜੀਤ ਕਰਨ ਦਾ ਬੀੜਾ ਚੁੱਕ ਲਿਆ। ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਪਾਸੋਂ ਦ੍ਰਿੜ ਨਿਸ਼ਚੇ ਅਤੇ ਦ੍ਰਿੜ ਸੰਕਲਪ ਦੀ ਦਾਤ ਮਿਲੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਧਾਰਨਾ "ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ" ਉਨ੍ਹਾਂ ਨੂੰ ਅਸਲੋਂ ਪ੍ਰਾਪਤ ਹੈ। ਮੁਢਲੇ ਕਦਮ ਵਜੋਂ ਪਿਛਲੇ ਸਾਲ ਉਨ੍ਹਾਂ ਨੇ ਆਪਣੇ ਅਣਥਕ ਸੇਵਕਾਂ ਤੇ ਨਿਰਛਲ ਤੇ ਨਿਸ਼ਕਾਮ ਸਾਲਾਹਕਾਰਾਂ ਦੇ ਜਥੇ ਨਾਲ ਇਕ ਅਦੁੱਤੀ ਗੁਰਮਤਿ ਸੰਗੀਤ ਸਮੇਲਨ ਰਚਾਉਣ ਦਾ ਨਿਸਚਾ ਕਰ ਲਿਆ ਜਿਸ ਦਾ ਮਨੋਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਦੀ ਵਿਧੀ ਅਨੁਸਾਰ ਗੁਰਬਾਣੀ ਗਾਇਣ ਦੀ ਰੀਤੀ ਨੂੰ ਪੁਨਰ ਸੁਰਜੀਤ ਕਰਨਾ ਸੀ। ਇਹ ਸਮਾਗਮ ਜੋ 9, 10, 11, 12, 13 ਅਕਤੂਬਰ, 1991 ਨੂੰ ਹੋਇਆ ਇਕ ਚਮਤਕਾਰੀ ਪ੍ਰਭਾਵ ਛੱਡ ਗਿਆ। ਵੱਡੀ ਸਫਲਤਾ ਇਹ ਸੀ ਕਿ ਧਾਰਮਕ ਮਿਸ਼ਨ ਨਿਰੋਲ ਧਾਰਮਕ ਬਣ ਕੇ ਹੀ ਨਿਬੜਿਆ। ਪੰਥ ਹਿਤੈਸ਼ੀਆਂ ਨੇ ਇਸ ਨੂੰ ਇਕ ਲਹਿਰ ਦਾ ਰੂਪ ਦੇਣ ਦੇ ਸੁਝਾਅ ਦਿੱਤੇ।

ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸੰਗਤਾਂ ਦੇ ਉਤਸ਼ਾਹ ਨੂੰ ਦੇਖ ਕੇ ਸਿੱਖੀ ਪਰੰਪਰਾਵਾਂ ਦੇ ਅਨੁਕੂਲ ਕੀਰਤਨ ਦੇ ਮਾਧਿਅਮ ਰਾਹੀਂ ਹੀ ਗੁਰਬਾਣੀ ਉਪਦੇਸ਼ਾਂ ਦੇ ਪਰਸਾਰ ਦਾ ਬੀੜਾ ਚੁੱਕਿਆ ਹੈ। ਇਸੇ ਲਈ ਉਨ੍ਹਾਂ ਨੇ ਗੁਰਮਤਿ ਸੰਗੀਤ ਸੰਮੇਲਨ ਨੂੰ ਵਾਰਸ਼ਕ ਸਮਾਗਮ ਦਾ ਰੂਪ ਦੇਣ ਦਾ ਫੈਸਲਾ ਕਰ ਲਿਆ ਹੈ। ਇਸ ਸਾਲ ਸੰਮੇਲਨ ਲਈ 7, 8, 9, 10 ਅਤੇ 11 ਅਕਤੂਬਰ ਦੀਆਂ ਤਾਰੀਖਾਂ ਮਿੱਥੀਆਂ ਗਈਆਂ ਹਨ। ਸੰਤ ਬਾਬਾ ਸੁੱਚਾ ਸਿੰਘ ਜੀ ਦਾ ਵਿਚਾਰ ਹੈ ਕਿ ਸਿੱਖ ਸਮਾਜ ਦੀਆਂ ਨਿਘਰ ਰਹੀਆਂ ਕਦਰਾਂ-ਕੀਮਤਾਂ ਅਤੇ ਸਮੁੱਚੇ ਸਿਖੀ ਜੀਵਨ ਤਰਜ਼ ਦੇ ਪਤਨ ਨੂੰ ਠੱਲ ਪਾਉਣਾ ਸਮੇਂ ਦੀ ਅਤਿਅੰਤ ਲੋੜ ਹੈ। ਇਸ ਲਈ ਸਿੱਖ ਸਦਾਚਾਰ ਤੇ ਵਿਸ਼ੇਸ਼ ਕਰਕੇ ਗੁਰਮਤਿ ਗਾਡੀ ਰਾਹ ਦੀ ਪਹਿਚਾਨ ਗੁਰਬਾਣੀ ਪ੍ਰਸਾਰਨ ਰਾਹੀਂ ਹੀ ਕੀਤੀ ਜਾਵੇ। ਉਨ੍ਹਾਂ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਗੁਰ-ਸ਼ਬਦ ਰਾਹੀਂ ਸਿੱਖ ਸਦਾਚਾਰ ਨੂੰ ਉਜਾਗਰ ਕਰਨ ਦਾ ਫੈਸਲਾ ਕੀਤਾ ਹੈ। ਜਿਵੇਂ ਪਹਿਲੇ ਗੁਰਮਤਿ ਸੰਗੀਤ ਸੰਮੇਲਨ ਵਿਚ ਗੁਰਬਾਣੀ

ਦੇ ਤੱਤਕਰੇ ਦੇ 31 ਸ਼ੁਧ ਮੁਖ ਰਾਗਾਂ ਵਿਚ ਗੁਰਮਤਿ ਕੀਰਤਨ ਦੀ ਪੱਧਤੀ ਨੂੰ ਪੁਨਰ ਸੁਰਜੀਤ ਕੀਤਾ ਹੈ ਉਸੇ ਪ੍ਰਕਾਰ ਇਹ ਸੰਮੇਲਨ ਸਿੱਖ ਸਦਾਚਾਰ ਨੂੰ ਨਰੋਆ ਹੁਲਾਰਾ ਦੇ ਕੇ ਸੰਮੂਹ ਸਿੱਖਾਂ ਨੂੰ ਗੁਰਮਤਿ ਗਾਡੀ ਰਾਹ ਉਪਰ ਚਲਣ ਲਈ ਪ੍ਰੇਰਤ ਕਰੇਗਾ। ਸਿੱਖ ਜੀਵਨ ਦੇ ਨਾਲ ਸੰਬੰਧਤ ਘੋੜੀਆਂ (ਵੱਡਹੰਸ) ਅਲਾਣੀਆਂ (ਵਡਹੰਸ), ਲਾਵਾਂ (ਸੂਹੀ) ਸਦ (ਰਾਮਕਲੀ) ਗਾਇਨ ਹੋਵੇਗਾ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਮੂਹ ਰਾਗ ਪ੍ਰਕਾਰਾਂ (ਗਉੜੀ ਗੁਆਰੇਰੀ ਗਉੜੀ ਪੂਰਬੀ, ਗਉੜੀ ਚੇਤੀ; ਗਉੜੀ ਪੂਰਬੀ ਦੀਪਕੀ, ਆਸਾਵਰੀ, ਬਸੰਤ ਹਿੰਡੋਲ ਆਦਿਕ 30 ਪ੍ਰਕਾਰ ਵਿਚ ਗੁਰਬਾਣੀ ਕੀਰਤਨ ਹੋਵੇਗਾ। ਗੁਰਬਾਣੀ ਹੀ ਆਤਮਕ ਗਿਆਨ ਦਾ ਤੱਤ ਤੇ ਸਾਰੰਸ ਹੈ। ਇਸੇ ਦੇ ਸ਼ਬਦਾਂ ਦੀਆਂ ਧੁਨੀਆਂ ਹੀ ਸੰਸਾਰ ਦੇ ਵਾਯੂ ਮੰਡਲ ਵਿਚ ਠੰਡ ਵਰਤਾ ਸਕਦੀਆਂ ਹਨ। ਸਿੱਖ ਇਤਿਹਾਸ ਅਨੁਸਾਰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਸੁਲਤਾਨਪੁਰ ਲੋਧੀ ਵਿਖੇ ਰਚੀ ਅਤੇ ਇਥੇ ਹੀ ਮਰਦਾਨੇ ਨੇ ਰਬਾਬ ਦੀ ਤਾਨ ਨਾਲ ਪਹਿਲੀ ਵੇਰ ਕੀਰਤਨ ਕੀਤਾ। ਇਸੇ ਲਈ ਹੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਦੂਸਰਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਸਮਰਪਿਤ ਕਰਨਾ ਉਚਿਤ ਜਾਣਿਆ ਹੈ।

ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅਤੀ-ਸੁੰਦਰ ਪ੍ਰਕਾਸ਼ ਸਟੇਜ ਅਤੇ ਵਿਸ਼ਾਲ ਸੁੰਦਰ ਪੰਡਾਲ ਵਿਚ ਲੱਖਾਂ ਦੀ ਗਿਣਤੀ ਵਿਚ ਦੇਸ਼ ਪ੍ਰਦੇਸ਼ ਚੋਂ ਪੁਜ ਕੇ ਸੰਗਤਾਂ ਕੀਰਤਨ ਕਰ ਸੁਣ ਕੇ ਲਾਹਾ ਪ੍ਰਾਪਤ ਕਰਨਗੀਆਂ ਸੰਗਤਾਂ ਦੇ ਲੰਗਰ, ਰਿਹਾਇਸ਼ ਆਦਿ ਦਾ ਯੋਗ ਪ੍ਰਬੰਧ ਕੀਤਾ ਜਾਵੇਗਾ। ਤਨ, ਮਨ, ਧਨ ਕਰਕੇ ਸਹਿਯੋਗ ਦੀ ਆਸ ਹਰ ਗੁਰੂ ਨਾਨਕ ਨਾਮ ਲੇਵਾ ਪਾਸੋਂ ਕੀਤੀ ਜਾਂਦੀ ਹੈ।

ਪ੍ਰਿਥੀਪਾਲ ਸਿੰਘ ਕਪੂਰ ਸਾਬਕਾ ਪ੍ਰੋ: ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

---

# ਗੁਰਮਤਿ ਸੰਗੀਤ

ਭਾਰਤੀ ਸੰਗੀਤ ਦਾ ਵਿਰਸਾ ਬਹੁਤ ਮਹਾਨ ਹੈ। ਆਦਿ ਕਾਲ ਤੋਂ ਹੀ ਸੰਗੀਤ ਕਲਾ ਨੇ ਮਨੁੱਖ ਨੂੰ ਸੂਖਮ ਭਾਵੀ ਬਣਾਉਣ ਵਿਚ ਅਹਿਮ ਹਿੱਸਾ ਪਾਇਆ ਹੈ। ਸੰਗੀਤ ਕਲਾ ਵਿਚ ਰਸ ਘੋਲ ਕੇ ਰੂਹ ਨੂੰ ਖੇੜੇ ਵਿਚ ਲਿਆਉਣ ਦਾ ਕਾਰਨ ਬਣ ਮਨੁੱਖ ਨੂੰ ਇਕ ਅਗੰਮੀ ਸਕੂਨ ਦਿੰਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨਾ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅਧਿਆਤਮਕ ਤੇ ਰੂਹਾਨੀ ਫਿਲਾਸਫੀ ਨੂੰ ਕਾਵਿ ਤੇ ਸੰਗੀਤ ਵਿਚ ਰਚ ਕੇ ਕਲਜੁਗੀ ਜੀਵਾਂ ਨੂੰ ਰਸ-ਮੁਗਧ ਕਰਨ ਦਾ ਸਭ ਤੋਂ ਸੌਖਾ ਸਾਧਨ ਪ੍ਰਦਾਨ ਕੀਤਾ ਹੈ।

ਕੀਰਤਨ ਸਮਾਨ ਹੋਰ ਕੋਈ ਯੋਗ, ਤਪ, ਸਾਂਤਵਿਕ ਸਾਧਨ ਨਹੀਂ, ਜੋ ਮਨੁੱਖ ਦੀਆਂ ਖਿੰਡੀਆਂ ਪੁੰਡੀਆਂ ਮਨੋਬਿਰਤੀਆਂ ਨੂੰ ਇਕਸੁਰਤਾ ਤੇ ਇਕਸਾਰਤਾ ਵਿਚ ਬੰਨ੍ਹ ਸਕੇ।

ਗੁਰਮਤਿ ਸੰਗੀਤ ਦਾ ਸੁਤੰਤਰ ਤੇ ਨਿਵੇਕਲਾ ਸਰੂਪ ਹੈ। ਜਿਹੜਾ ਗੁਰਬਾਣੀ ਦੇ ਮੂਲ ਸਿਧਾਂਤ ਨਾਲ ਜੁੜਿਆ ਹੋਇਆ ਹੈ। ਖਾਲਸਾ ਪੰਥ ਦੇ ਸੰਚਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 235 ਰਾਗ ਤਾਨਪੁਰੇ ਨਾਲ ਗਾ ਕੇ ਵੱਡੇ ਵੱਡੇ ਰਾਗ ਦਰਬਾਰ, ਕਵੀ ਦਰਬਾਰ ਕਰ ਕੇ ਇਸ ਵਿਰਸੇ ਨੂੰ ਗੌਰਵਮਈ ਸਥਾਨ ਪ੍ਰਦਾਨ ਕੀਤਾ। —ਭਾ. ਪਰਮਜੋਤ ਸਿੰਘ

# ਧੁਨੀ

—ਆਵਤ ਸਿੰਘ

ਜਿਥੇ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਗਾਉਣਾ ਅੰਕਿਤ ਹੈ ਉਥੇ ਨੌਂ ਵਾਰਾਂ ਨੂੰ ਨਿਰਧਾਰਿਤ ਧੁਨਾਂ ਵਿਚ ਗਾਉਣਾ ਅੰਕਿਤ ਹੈ। ਜਿਸ ਤਰ੍ਹਾਂ :—

**ਆਸਾ ਦੀ ਵਾਰ –ਟੁੰਡੇ ਅਸਰਾਜੇ ਦੀ ਧੁਨੀ**

ਆਮ ਤੌਰ ਤੇ ਧੁਨੀ ਦਾ ਅਰਥ ਅਸੀਂ ਸੰਗੀਤਾਤਮਿਕ ਕਰਦੇ ਹਾਂ। ਹੁਣ ਸਵਾਲ ਪੈਦਾ ਹੁੰਦਾ ਹੈ : ਧੁਨ = ਤਰਜ਼ = Tune ਅਸ ਰਾਜੇ ਨੇ ਤੇ ਬਣਾਈ ਨਹੀਂ। ਧੁਨ ਤਾਂ ਗਾਉਣ ਵਾਲਿਆਂ ਨੇ ਬਣਾਈ। ਫਿਰ ਗੁਰੂ ਸਾਹਿਬ ਉਸ ਤਰਜ਼ ਤੇ ਏਨੇ ਖੁਸ਼ ਕਿਉਂ ਹੋਏ ? ਧੁਨਿ ਜਾਂ ਧੁਨੀ ਗੁਰਬਾਣੀ ਵਿਚ ਜਿਸ ਭਾਵ ਨਾਲ ਪਦ ਆਇਆ ਹੈ ਉਹ ਹੈ ਹਿਰਦੇ ਦੀ ਧੁਨਿ।

1. ਮ: ੧, ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਨ (ਪੰ. 22)
2. ਮ: ੧, ਗਿਆਨ ਧਿਆਨ ਧੁਨਿ ਜਾਣੀਐ ਅਕਥੁ ਕਹਾਵੈ ਸੋਇ (ਪੰਨਾ 59)
3. ਮ: ੫, ਕਥਾ ਕੀਰਤਨੁ ਆਨੰਦ ਮੰਗਲ ਧੁਨਿ
   ਪੂਰਿ ਰਹੀ ਦਿਨਸ ਅਰੁ ਰਾਤਿ (ਪੰ: 820)
4. ਮ: ੫, ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ (ਪੰ: 829)

ਵਿਚਾਰ :- ਬੰਦੇ ਦੇ ਹਿਰਦੇ ਵਿਚ ਕੋਈ ਧੁਨੀ ਹੋ ਰਹੀ ਹੈ। ਬੁਰਾਈਆਂ ਕਰਨ ਵਾਲੇ ਦੇ ਹਿਰਦੇ ਵਿਚ ਵੀ ਧੁਨੀ ਹੋ ਰਹੀ ਹੈ। ਲਾਲਚੀ ਦੇ ਹਿਰਦੇ ਵਿਚ ਵੀ ਧੁਨੀ ਹੋ ਰਹੀ ਹੈ। ਚੋਰ ਦੇ ਹਿਰਦੇ ਵਿਚ ਵੀ ਧੁਨੀ ਹੋ ਰਹੀ ਹੈ। ਹਰ ਇਕ ਬੰਦੇ ਅੰਦਰ ਧੁਨੀ ਹੋ ਰਹੀ ਹੈ। ਨਾਮ ਜਪਣ ਵਾਲੇ ਦੇ ਅੰਦਰਵੀ ਧੁਨੀ ਹੋ ਰਹੀ ਹੈ। ਪੰਚਮ ਪਾਤਸ਼ਾਹ ਨੇ ਜੋ ਧੁਨਾਂ ਲਿਖੀਆਂ ਹਨ ਉਹ ਗੁਣਾਂ ਨੂੰ ਲੈ ਕੇ ਹਿਰਦੇ ਦੀਆਂ ਧੁਨਾਂ ਹਨ। ਅਤੇ ਇਨਸਾਫ ਪਸੰਦਾਂ ਦੇ ਨਾਮ ਹਨ।

ਅਸਰਾਜੇ ਨੂੰ ਮਤਰੇਈ ਮਾਂ ਨੇ ਦੂਸ਼ਨ ਲਾ ਕੇ ਮਰਵਾਉਣ ਦਾ ਹੁਕਮ ਕਰਵਾ ਦਿੱਤਾ। ਜਲਾਦਾਂ ਨੇ ਉਸ ਦੇ ਨੇਕ ਸੁਭਾਅ ਨੂੰ ਦੇਖਦਿਆਂ ਉਸ ਨੂੰ ਖੂਹ ਵਿਚ ਸੁਟ ਦਿਤਾ ਅਤੇ ਉਸ ਦਾ ਹੱਥ ਵੱਢ ਲਿਆਂਦਾ। ਕੁਝ ਸੁਦਾਗਰ ਉਸੇ ਰਸਤੇ ਲੰਘੇ, ਉਸ ਉਪਰ ਦਇਆ-ਵਾਨ ਹੋ ਗਏ। ਖੂਹ ਵਿਚੋਂ ਕੱਢਿਆ' ਮਲ੍ਹਮ ਪੱਟੀ ਕੀਤੀ। ਅੱਗੇ ਜਾ ਕੇ ਦੂਸਰੇ ਰਾਜੇ ਦੀ ਰਾਜਧਾਨੀ ਵਿਚ ਵੇਚ ਦਿੱਤਾ। ਕਰਮਾਂ ਦਾ ਚੱਕਰ ਅਜਿਹਾ ਚੱਲਿਆ ਜਾਂ ਕਾਦਰ ਦੀ ਕੁਦਰਤ ਕਹਿ ਲਵੋ, ਸ਼ਹਿਰ ਦੇ ਬਾਹਰ ਧੋਬੀਆਂ ਨੂੰ ਵੇਚ ਦਿੱਤਾ, ਜਿਨ੍ਹਾਂ ਦਾ ਕੱਪੜੇ ਧੋਣ ਦਾ ਕੰਮ ਕਰਨ ਲੱਗਾ। ਸਮਾਂ ਲੰਘਦਾ ਗਿਆ। ਅੱਸ ਦੀ ਲਿਆਕਤ ਅਤੇ ਉਸ ਦੇ ਖਿਆਲ ਬੜੇ ਪਿਆਰੇ ਸਨ। ਉਹ ਰਾਜ ਦਰਬਾਰ ਦੇ ਕੱਪੜੇ ਵੀ ਦੇਣ ਜਾਂਦਾ ਹੁੰਦਾ ਸੀ। ਇਸ ਲਈ ਉਸ ਦੀ ਕਾਬਲੀਅਤ ਦਰਬਾਰ ਦੇ ਵਜੀਰਾਂ ਤਾਈਂ ਵੀ ਪਹੁੰਚ ਚੁੱਕੀ ਸੀ। ਵਿਰਸੇ ਦਾ ਰਾਜਾ ਹੋਣ ਕਾਰਨ ਅੱਸ ਕੋਲ ਵਿਚਾਰ ਚੰਗੇ ਹੋਣੇ ਕੁਦਰਤ ਦੇ ਨੇਮਾਂ ਮੁਤਾਬਿਕ ਹੀ ਸਨ। ਸ਼ਹਿਰ ਦਾ ਰਾਜਾ ਚੜ੍ਹਾਈ ਕਰ ਗਿਆ ਤਾਂ ਵਜ਼ੀਰਾਂ ਨੇ ਆਪਣੀ

ਸਮਝ ਅਨੁਸਾਰ ਸ਼ਹਿਰ ਤੋਂ ਬਾਹਰ ਦੇ ਦਰਵਾਜੇ ਤੇ ਜੋ ਸਭ ਤੋਂ ਪਹਿਲਾਂ ਆ ਜਾਵੇ ਨੂੰ ਉਸ ਰਾਜ ਤਿਲਕ ਦੇਣ ਦਾ ਫੈਸਲਾ ਕਰ ਲਿਆ। ਕਰਮਾਂ ਦਾ ਚੱਕਰ ਅੱਸ ਨੂੰ ਉਸ ਦਿਨ ਦਰਿਆ ਤੇ ਕੱਪੜੇ ਇਕੱਠੇ ਕਰਦੇ ਨੂੰ ਹਨੇਰਾ ਹੋ ਗਿਆ। ਉਹ ਸ਼ਹਿਰ ਤਾਈਂ ਅਜੇ ਆਇਆ ਹੀ ਨਹੀਂ ਸੀ ਕਿ ਦਰਵਾਜ਼ਾ ਬੰਦ ਹੋ ਗਿਆ। ਉਸ ਨੇ ਉਹ ਰਾਤ ਬਾਹਰ ਹੀ ਕੱਟੀ। ਸਵੇਰੇ ਜਦੋਂ ਦਰਵਾਜ਼ਾ ਖੁਲ੍ਹਿਆ ਤਾਂ ਅੱਸ ਅੰਦਰ ਆਇਆ। ਉਸ ਦੇ ਪੂਰਬਲੇ ਕਰਮਾਂ ਨੇ ਮੂੰਹ ਦਿਖਾਇਆ, ਉਸ ਨੂੰ ਵਜੀਰਾਂ ਨੇ ਰਾਜ ਤਿਲਕ ਦੇ ਦਿੱਤਾ। ਟੂੰਡਾ ਅੱਸ ਰਾਜਾ ਬਣ ਗਿਆ। ਬੜਾ ਧਰਮੀ ਰਾਜਾ ਸੀ। ਉਸ ਦੀ ਮਹਿਮਾ ਬਹੁਤ ਫੈਲ ਗਈ। ਵਜ਼ੀਰ ਵੀ ਧਰਮੀ ਸਨ। ਸਮੇਂ ਨੇ ਚਕਰ ਲਾਇਆ ਕਿ ਉਸ ਦੀ ਮਤਰੇਈ ਮਾਂ ਦੇ ਰਾਜ ਵਿਚ ਕਾਲ ਪੈ ਗਿਆ। ਉਸ ਨੂੰ ਕਿਸੇ ਸਲਾਹ ਦਿਤੀ ਕਿ ਅੱਸ ਰਾਜਾ ਬੜਾ ਧਰਮੀ ਹੈ ਉਸ ਕੋਲ ਫ਼ਰਿਆਦ ਕਰੀਏ ਜੋ ਸਹਾਇਤਾ ਕਰ ਦੇਵੇ। ਮਤਰੇਈ ਮਾਂ ਦੇ ਬੱਚਿਆਂ ਨੇ ਦੂਤ ਉਸ ਕੋਲ ਘਲਿਆ। ਟੁੰਡੇ ਅਸਰਾਜੇ ਨੇ ਸਮਝ ਲਿਆ ਕਿ ਇਹ ਤਾਂ ਮੇਰੀ ਮਤਰੇਈ ਮਾਂ ਦੇ ਪੁੱਤਰਾਂ ਦਾ ਹੀ ਰਾਜ ਹੈ। ਉਸ ਨੇ ਦਿਲ ਖੋਲ੍ਹ ਕੇ ਸਹਾਇਤਾ ਕੀਤੀ। ਰਾਗੀਆਂ ਅਤੇ ਢਾਡੀਆਂ ਨੇ ਉਸ ਦੀਆਂ ਵਾਰਾਂ ਗਈਆਂ।

ਗੁਰੂ ਸਾਹਿਬਾਂ ਨੇ ਵਿਚਾਰਿਆ 'ਆਸਾ ਦੀ ਵਾਰ' ਬੰਦੇ ਨੂੰ ਸੰਤੁਸ਼ਟ ਕਰਦੀ ਹੈ। ਇਸ ਲਈ ਪੜ੍ਹਨ ਜਾਂ ਗਾਉਣ ਵਾਲੇ ਨੂੰ ਅੰਤਰਗਤ ਧੁਨੀ ਟੁੰਡੇ ਅਸਰਾਜੇ ਵਰਗੀ ਰਖਣੀ ਚਾਹੀਦੀ ਹੈ। ਭਾਵ ਸੇਵਾ ਭਾਵਨਾ ਵਾਲੀ। ਸਾਰੀਆਂ ਧੁਨਾਂ ਦਾ ਏਹੋ ਹੀ ਭਾਵ ਹੈ। ਫਿਰ ਵੀ ਸੰਗੀਤਾਮਕ ਧੁਨਾਂ ਦੀ ਜੋ ਸਮਗ੍ਰੀ ਗੁਮਾਚੀ ਹੈ ਮੁੜ ਕਾਇਮ ਕਰਨ ਦੀ ਲੋੜ ਹੈ।

ਹਜ਼ੂਰੀ ਰਾਗੀ

# 'ਭਾਈ ਨਿਰਮਲ ਸਿੰਘ ਖਾਲਸਾ'



ਉਹਨਾਂ ਦੇ ਮਨ ਵਿਚ ਭਾਵਨਾਂ ਹੈ ਕਿ ਨਿਰਧਾਰਤ ਰਾਗਾਂ 'ਚ ਸ਼ਬਦ ਕੀਰਤਨ ਹੋਣਾ ਚਾਹੀਦਾ ਹੈ। ਪ੍ਰਚਲਤ ਫਿਲਮੀ ਤੇ ਗ਼ਜ਼ਲਾਂ ਦੀਆਂ ਤਰਜ਼ਾਂ ਸਾਡੇ ਕੀਰਤਨ ਪ੍ਰਚਾਰ ਦੇ ਅਨੁਕੂਲ ਨਹੀਂ। ਉਹ ਚਾਹੇ ਬਾਹਰ ਕਿਸੇ ਸਮਾਗਮ 'ਚ ਹਾਜ਼ਰੀ ਭਰ ਰਹੇ ਹੋਣ ਜਾਂ ਹਰਿਮੰਦਰ ਸਾਹਿਬ ਜ਼ਿਆਦਾ ਸਮਾਂ ਰਾਗ ਵਿਦਿਆ ਦੇ ਜੌਹਰ ਦਿਖਾਉਂਦੇ ਹਨ ਪਰ ਸਾਡੀ ਬਹੁ-ਗਿਣਤੀ ਸ਼ਰਧਾਲੂ ਸੰਗਤ ਦਾ ਸਿਧੀਆਂ ਧਾਰਨਾਂ ਨਾਲ ਸਿਰ ਹਿਲਾਉਣਾ ਤੇ ਰਾਗ ਸੁਣ ਕੇ ਉਬਾਸੀਆਂ ਲੈਣਾ ਚੰਗੇ ਮਾਹਰ ਰਾਗੀ ਸਿੰਘਾਂ ਨੂੰ ਵੀ ਸਿੱਧੀਆਂ ਧਾਰਨਾਂ ਗਾਉਣ ਲਈ ਮਜਬੂਰ ਕਰ ਦਿੰਦਾ ਹੈ। ਇਹਦੇ ਪਿੱਛੇ ਵੱਡਾ ਕਾਰਨ ਬਹੁਗਿਣਤੀ ਰਾਗੀ ਸਿੰਘਾਂ ਦਾ ਸਿੱਧੀਆਂ ਧਾਰਨਾਂ ਦਾ ਗਾਉਣਾ ਹੀ ਹੈ।

ਭਾਈ ਨਿਰਮਲ ਸਿੰਘ ਨੇ ਅਪਰੈਲ 1952 ਨੂੰ ਸ੍ਰ: ਚੰਨਣ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁਖੋਂ 'ਭੀਮੇਸ਼ਾਹ ਜੰਡਵਾਲਾ' (ਫਿਰੋਜ਼ਪੁਰ) ਜਨਮ ਲਿਆ। ਉਹਨਾਂ ਦਸਵੀਂ ਤੱਕ ਸਕੂਲੀ ਵਿਦਿਆ ਪ੍ਰਾਪਤ ਕਰਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਪ੍ਰੋ: 'ਅਵਤਾਰ ਸਿੰਘ ਨਾਜ਼' ਹੋਣਾ ਪਾਸੋਂ ਸੰਗੀਤ ਵਿਦਿਆ ਪ੍ਰਾਪਤ ਕੀਤੀ। ਇਸ ਪਾਸੇ ਪ੍ਰੇਰਨ ਵਾਣੇ ਉਹਨਾਂ ਦੇ ਚਾਚਾ ਸ੍ਰ: ਗੁਰਬਚਨ ਸਿੰਘ ਸਨ। ਭਾਈ ਸਾਹਿਬ ਢਾਈ ਸਾਲ ਦੇ ਕਰੀਬ ਗੁਰਮਤ ਕਾਲਜ ਰਿਸ਼ੀਕੇਸ਼ ਸੰਗੀਤ ਅਧਿਆਪਕ ਵੀ ਰਹੇ। ਬੁਢਾ ਜੌਹੜ ਵੀ ਇਕ ਸਾਲ ਦੇ ਕਰੀਬ ਸੰਗੀਤ ਸਿਖਾਉਂਦੇ ਰਹੇ। 1980 ਤੋਂ 87 ਤੱਕ ਭਾਈ ਗੁਰਮੇਜ ਸਿੰਘ ਦੇ ਸਹਾਇਕ ਵਜੋਂ ਸ੍ਰੀ ਹਰਿਮੰਦਰ ਸਾਹਿਬ ਸਰਵਿਸ ਕੀਤੀ। 1987 ਤੋਂ ਅਪਣਾ ਸੁਤੰਤਰ ਜਥਾ ਬਣਾ ਕੇ ਸੇਵਾ ਨਿਭਾ ਰਹੇ ਹਨ। ਹੁਣ ਉਸਨਾਂ ਨਾਲ ਸਾਈਡ ਤੇ ਭਾਈ ਦਰਸ਼ਨ ਸਿੰਘ ਅਤੇ ਜੋੜੀ ਤੇ (ਲੋਕ ਗਾਇਕ ਪੂਰਨ ਚੰਦ ਵਡਾਲੀ ਹੋਰਾਂ ਦਾ ਛੋਟਾ ਭਾਈ) ਕਰਤਾਰ ਸਿੰਘ ਹੈ। ਭਾਈ ਸਾਹਿਬ ਰੇਡੀਓ ਤੋਂ 87 ਤੋਂ ਅਤੇ ਦੂਰਦਰਸ਼ਨ ਤੋਂ 88 ਤੋਂ ਪ੍ਰਵਾਨਤ ਹਨ। ਪੰਜਾਬ ਦੇ ਵੱਡਿਆਂ ਸ਼ਹਿਰਾਂ ਅਤੇ ਭਾਰਤ ਦੇ ਕਈ ਸੂਬਿਆਂ ਤੋਂ ਸਿਵਾ ਅਮਰੀਕਾ ਤੱਕ ਨਾਮ ਬਾਣੀ ਦੀਆਂ ਰਸ਼ਮਾਂ ਸੰਗਤਾਂ ਤਕ ਪਹੁੰਚਾਈਆਂ ਹਨ

ਅੱਜ ਦੇ ਕੈਸਿਟ ਯੁਗ ਵਿਚ ਉਹਨਾਂ ਦੀ ਰਸ ਭਿੰਨੀ ਆਵਾਜ਼ ਸਰੋਤਿਆਂ ਤੱਕ ਪਹੁੰਚਾਉਣ ਲਈ ਮਿਊਜ਼ਕ ਮੈਮੋਰੀਜ਼ ਫਗਵਾੜਾ ਵਾਲਿਆਂ ਨੇ ਭਾਈ ਸਾਹਿਬ ਦੇ ਸ਼ਬਦ ਕੀਰਤਨ ਦੀਆਂ ਦੋ ਕੈਸਿਟਾਂ ਰੀਲੀਜ਼ ਕੀਤੀਆਂ ਹਨ। ਇਕ ਕੈਸਿਟ ਟੈਕਸਲਾ ਵਾਲੇ

ਜਲਦੀ ਰਿਲੀਜ਼ ਕਰ ਰਹੇ ਹਨ । ਅਲਾਪ, ਤਾਨਾਂ ਤੇ ਗਲ੍ਹੇ ਦੀਆਂ ਮੁਟਕੀਆਂ ਉਹਨਾਂ ਦੇ ਲੰਮੇ ਅਭਿਆਸ ਦੀ ਮੂੰਹ ਬੋਲਦੀ ਤਸਵੀਰ ਹੈ । ਆਮ ਪ੍ਰਚੱਲਤ ਤਾਲਾਂ ਤੋਂ ਸਿਵਾ ਪੜਤਾਲ ਧਰੁਪਦ ਧਮਾਰ ਔਖੇ ਤਾਂਲਾਂ ਵਿਚ ਵੀ ਗਾਉਂਦੇ ਹਨ ਤੇ ਇਥੋਂ ਹੀ ਰਾਗੀ ਸਿੰਘਾਂ ਦੀ ਜਾਣਕਾਰੀ ਦੀ ਵਰਣ ਵੰਡ ਹੁੰਦੀ ਹੈ । ਪਰ ਜਦੋਂ ਝੋਲੀ ਵਾਲੇ ਆਟੇ ਨਾਲ ਮੁਰਸ਼ਦ ਦਾ ਕੱਦ ਮਾਪਿਆ ਜਾਵੇਫਿਰ ਤਾਂ ਉਹੋ ਹੀ ਵੱਡੇ ਗੁਰੂ ਦਾ ਚੇਲਾ ਹੋ ਨਿਬੜਦਾ ਹੈ ਜੀਹਦੀ ਝੋਲੀ ਵਿਚ ਆਟਾ ਜ਼ਿਆਦਾ ਹੋਵੇ । ਭਾਈ ਸਾਹਿਬ ਦੀ ਤੀਹ ਰਾਗਾਂ 'ਚ ਪੱਕੀ ਮੁਹਾਰਤ ਹੈ ਤੇ ਲੋੜ ਮੁਤਾਬਿਕ ਨਵੇਂ ਰਾਗ ਵੀ ਵਧੀਆ ਤਰੀਕੇ ਨਾਲ ਪੇਸ਼ ਕਰ ਦਿੰਦੇ ਹਨ । ਛੋਟਾ ਖਿਆਲ, ਬੜਾ ਖਿਆਲ, ਗੁਲਦਸਤਾ ਉਹਨਾਂ ਦੀ ਸੰਗੀਤ ਵਿਦਿਆ ਦਾ ਸ਼ਿੰਗਾਰ ਹਨ ।

ਜਿਵੇਂ ਬਹੁਗਿਣਤੀ ਰਾਗੀ ਸਿੰਘਾਂ ਨੂੰ ਆਪਣੀ ਲਾਈਨ ਤੋਂ ਸਿਵਾ ਹੋਰ ਸ਼ੌਂਕ ਘੱਟ ਹੀ ਹੁੰਦੇ ਹਨ ਪਰ ਭਾਈ ਸਾਹਿਬ ਨੂੰ ਪੜ੍ਹਨ ਤੇ ਲਿਖਣ ਦਾ ਬਹੁਤ ਸ਼ੌਂਕ ਹੈ ਤੇ ਸਮੇਂ ਸਮੇਂ ਉਹਨਾਂ ਦੇ ਆਰਟੀਕਲ ਅਜੀਤ, ਚੜ੍ਹਦੀ ਕਲਾ, ਅਕਾਲੀ ਪੱਤ੍ਰਕਾ ਆਦਿ ਵਿਚ ਛਪਦੇ ਰਹਿੰਦੇ ਹਨ । ਉਹਨਾਂ ਦੇ ਮਨ ਪਸੰਦੀਦਾ ਕੀਰਤਨੀਏ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਬਲਬੀਰ ਸਿੰਘ, ਭਾਈ ਬਲਦੇਵ ਸਿੰਘ, ਹਰਿੰਦਰ ਸਿੰਘ, ਹਰਚਰਨ ਸਿੰਘ ਫੱਕਰ, ਪ੍ਰਿਥੀਪਾਲ ਸਿੰਘ ਇੰਦੌਰ ਵਾਲੇ, ਭਾਈ ਸਾਹਿਬ ਬਖਸ਼ੀਸ਼ ਸਿੰਘ ਗੱਲ ਕੀ ਕਲਾਸੀਕਲ ਗਾਇਕੀ ਦੇ ਉਹ ਸਰੋਤੇ ਹਨ ।

ਇਨਾਮਾਂ ਦੇ ਉਚ ਕੋਟੀ ਦੇ ਪ੍ਰੋਗਰਾਮਾਂ ਦੀ ਗੱਲ ਤੁਰੀ ਤਾਂ ਕਈ ਇਨਾਮ ਤਾਂ ਉਹਨਾਂ ਨੂੰ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਹੋਣ ਦੇ ਨਾਤੇ ਮਿਲੇ ਪਰ ਕਲਾ ਦੀ ਜਿੱਤ ਦਾ ਇਨਾਮ ਗੁਰੂ ਰਾਮਦਾਸ ਅਵਤਾਰ ਪੂਰਬ ਕਮੇਟੀ ਵਲੋਂ ਕਰਵਾਏ ਗਏ ਬਾਰਾਂ ਜੱਥਿਆਂ ਦੇ ਕੀਰਤਨ ਮੁਕਾਬਲੇ 'ਚ ਪਹਿਲਾ ਇਨਾਮ ਭਾਈ ਸਾਹਿਬ ਨੇ ਜਿੱਤਿਆ । ਇਹ ਮੁਕਾਬਲਾ ਜਵੱਦੀ ਕਲਾਂ ਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਤੋਂ ਥੋੜੇ ਦਿਨ ਹੀ ਬਾਦ 'ਚ ਹੋਇਆ ਤੇ ਇਸ ਸੰਗੀਤ ਸੰਮੇਲਨ ਵਿਚ ਵੀ ਦਰਬਾਰ ਸਾਹਿਬ ਤੋਂ ਸਿਰਫ਼ ਏਸੇ ਹੀ ਰਾਗੀ ਜਥੇ ਨੇ ਭਾਗ ਲਿਆ । ਇਹ ਵੀ ਉਹਨਾਂ ਤੇ ਗੁਰੂ ਕਿਰਪਾ ਤੇ ਰਾਗ ਕਲਾ ਪ੍ਰਤੀ ਅਭਿਆਸ ਦਾ ਸਿੱਟਾ ਹੈ ।

ਕੀਰਤਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਪੁਰਾਤਨ ਵਿਰਸੇ ਦੀ ਸੰਭਾਲ ਕਰਨੀ ਚਾਹੀਦੀ ਹੈ । ਇਹ ਸ਼ੁਰੂਆਤ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੋਣੀ ਚਾਹੀਦੀ ਹੈ. ਕਿਉਂਕਿ ਇਹ ਸਾਡਾ ਸਿੱਖੀ ਦਾ ਕੇਂਦਰੀ ਧੁਰਾ ਹੈ । ਇਥੋਂ ਰੋਜ਼ਾਨਾ ਕੀਰਤਨ ਰੇਡੀਓ ਤੋਂ ਰੀਲੇਅ ਹੁੰਦਾ ਹੈ । ਅਕਸਰ ਤਾਂ ਗੱਲ ਤੋਰਿਆਂ ਹੀ ਤੁਰਨੀ ਐ ।

ਇੰਦਰਜੀਤ ਸਿੰਘ ਗੋਗੋਆਣੀ

# ਗੁਰਬਾਣੀ ਤੇ ਰਾਗ-ਰਸ ਦਾ ਸੰਬੰਧ

— ਸ਼ੰਕਰ ਲਾਲ ਮਿਸ਼ਰ

(ਪਿਛਲੇ ਅੰਕ ਤੋਂ ਅੱਗੇ)

ਸੋਮੇਸ਼ਵਰ ਤੇ ਕੱਲੀਨਾਥ ਦੇ ਮਤ ਅਨੁਸਾਰ ਛੇ ਪ੍ਰਮੁੱਖ ਰਾਗ ਸਿਰੀ ਬਸੰਤ, ਪੰਚਮ, ਭੈਰਵ, ਮੇਘ ਅਤੇ ਨਟ ਨਾਰਾਇਣ ਵਿਚੋਂ ਸਿਰੀ ਰਾਗ ਪ੍ਰਧਾਨ ਹੈ। ਇਸ ਕਰਕੇ ਸੰਗੀਤ ਸ਼ਾਸਤਰ ਮੁਤਾਬਿਕ ਵੀ ਆਰੰਭ ਵਿਚ ਹੋਣਾ ਹੀ ਉਚਿਤ ਹੈ। ਸੰਗੀਤ ਦੇ ਗ੍ਰੰਥਾਂ ਵਿਚ ਛੇ ਮੁੱਖ ਰਾਗਾਂ ਦਾ ਸੰਬੰਧ ਰੁੱਤਾਂ ਨਾਲ ਦਸਿਆ ਜਾਂਦਾ ਹੈ ਤੇ ਸਿਰੀ ਰਾਗ ਨੂੰ ਸਰਦ ਰੁੱਤ ਦਾ ਰਾਗ ਮੰਨਿਆ ਗਿਆ ਹੈ ਤੇ ਇਸ ਦਾ ਤਅੱਲਕ ਸੀਤਲਤਾ ਨਾਲ ਹੈ। ਪਰਮਾਤਮਾ ਦੀ ਭਗਤੀ ਕਰਨ ਨਾਲ ਰਜੋ ਗੁਣ, ਤਮੋ ਗੁਣ ਖਤਮ ਹੋ ਕੇ ਮਨੁੱਖ ਸਤੋਗੁਣੀ ਬਣ ਜਾਂਦਾ ਹੈ। ਇਸ ਨਾਲ ਉਸ ਦੇ ਮਨ ਵਿਚ ਸੀਤਲਤਾ ਤੇ ਸ਼ਾਂਤੀ ਆ ਜਾਂਦੀ ਹੈ। ਇਹ ਵੀ ਸਿਰੀ ਰਾਗ ਨੂੰ ਮੁੱਢ ਵਿਚ ਰੱਖਣ ਦਾ ਇਕ ਕਾਰਨ ਹੋ ਸਕਦਾ ਹੈ।

ਜਿਸ ਤਰ੍ਹਾਂ ਕਾਵਿ ਦ੍ਰਿਸ਼ਟੀ ਤੋਂ ਗੁਰਬਾਣੀ ਵਿਚ ਭਗਤੀ ਭਾਵ ਪ੍ਰਧਾਨ ਹੁੰਦੇ ਹੋਏ ਵੀ ਵੱਖ ਵੱਖ ਪਾਏ ਜਾਂਦੇ ਹਨ, ਇਸ ਤਰ੍ਹਾਂ ਵੱਖੋ ਵੱਖਰੇ ਰਸ ਦੇ ਰਾਗ ਵੀ ਭਿੰਨ ਭਿੰਨ ਪਾਏ ਜਾਂਦੇ ਹਨ। ਇਕ ਪਾਸੇ ਕਾਵਿ ਵਿਚ ਬੀਰ ਰਸ ਦੀ ਸ੍ਰਿਸ਼ਟੀ ਹੁੰਦੀ ਹੈ, ਦੂਜੇ ਪਾਸੇ ਬੀਰ ਰਸ ਦਾ ਰਾਗ ਵੀ ਮੌਜੂਦ ਹੈ। ਸੰਗੀਤ ਪਾਰਿਜਾਤ ਗ੍ਰੰਥ ਵਿਚ ਮਲ੍ਹਾਰ ਰਾਗ ਬੀਰ ਰਸ ਦਾ ਰਾਗ ਮੰਨਿਆ ਗਿਆ ਹੈ। ਲਿਖਿਆ ਹੈ ਇਸ ਦਾ ਸਰੀਰ ਨੀਲੇ ਰੰਗ ਦਾ ਹੈ ਜੋ ਕਿ ਉਮਡਦੇ ਮੇਘਾਂ ਦੀ ਸਾਂਵਲੀ ਆਭਾ ਨਾਲ ਸਜਾਇਆ ਹੋਇਆ ਹੈ, ਇਸ ਦਾ ਲਿਬਾਸ ਪਿੰਬਰ ਹੈ ਜੋ ਅਤੀ ਉੱਤਮ ਹੈ। ਇਸ ਨੂੰ ਬੀਰ ਰਸ ਪਿਆਰਾ ਹੈ, ਇਹ ਮੰਦ ਮੰਦ ਮੁਸਕਰਾਂਦਾ ਪਿਆ ਦਿਸਦਾ ਹੈ। ਬਹੁਤ ਦਿਨਾਂ ਤੋਂ ਪਿਆਸੇ ਬਬੀਹੇ ਲਈ ਇਹ ਜਲ ਪ੍ਰਦਾਨ ਕਰਦਾ ਹੈ। ਇਹ ਹੈ ਉਸ ਦਾ ਪਾਲਣਹਾਰ ਮਲ੍ਹਾਰ ਰਾਗ।

ਈਸ਼ਵਰ ਨੂੰ ਪਤੀ ਦੇ ਰੂਪ ਵਿਚ ਮੰਨਦੇ ਤੇ ਕਾਮਨੀ, ਕੰਤ, ਸੋਹਾਗਣ ਚੋਲੀ ਆਦਿ ਸ਼ਬਦਾਂ ਦਾ ਪ੍ਰਯੋਗ ਕਰਕੇ ਗੁਰਬਾਣੀ ਵਿਚ ਸ਼ਿੰਗਾਰ ਰਸ ਦਾ ਪ੍ਰਗਟਾਵਾ ਕੀਤਾ ਗਿਆ ਹੈ। ਵਾਕ ਹੈ :

ਕਢ ਕਸੀਦਾ ਪਹਿਰੈ ਚੋਲੀ ਤਾ ਤੁਮ ਜਾਣਹੁ ਨਾਰੀ
ਜੇ ਘਰਿ ਰਾਖੈ ਬੁਰਾ ਨਾ ਚਾਖੈ ਹੋਵੈ ਕੰਤ ਪਿਆਰੀ।

ਗੁਰਬਾਣੀ ਵਿਚ ਆਏ ਰਾਗਾਂ ਵਿਚ ਕਈ ਰਾਗ ਸ਼ਿੰਗਾਰ-ਰਸ ਪ੍ਰਧਾਨ ਹਨ। ਇਨ੍ਹਾਂ ਵਿਚੋਂ ਬਸੰਤ ਵਰਣਨ ਯੋਗ ਹੈ। ਬਸੰਤ ਰਾਗ ਦਾ ਚਿਤਰਨ ਇਉਂ ਕੀਤਾ ਗਿਆ ਹੈ, ਕਿ ਜਿਸ ਰਾਗ ਨੇ ਮੋਰਾਂ ਦੀ ਪੂਛ ਦੇ ਅੰਤਲੇ ਹਿੱਸੇ ਨਾਲ ਆਪਣਾ ਮੱਥਾ ਬੰਨ੍ਹ ਰਖਿਆ ਹੈ, ਅੰਬ ਦੀਆਂ ਟਾਹਣੀਆਂ ਦੇ ਬੂਰ ਨਾਲ ਕੋਇਲ ਨੂੰ ਪ੍ਰਸੰਨ ਕਰਦਾ ਹੈ, ਬਾਗ ਬਗੀ-ਚਿਆਂ ਵਿਚ ਘੁੰਮਦਾ ਹੈ। ਕਾਮਦੇਵ ਵਾਂਗ ਸੁੰਦਰ ਸਰੂਪ ਵਾਲਾ ਹਾਥੀ ਉਤੇ ਸਵਾਰ ਬਸੰਤ

ਰਾਗ ਹੈ। ਬਿਨਾਂ ਸਰੀਰ ਦੇ ਫਿਰ ਵੀ ਮੂਰਤੀਮਾਨ ਹੈ। ਅਰਥਾਤ ਰਾਗ ਦੀ ਕੋਈ ਮੂਰਤੀ ਜਾਂ ਆਕਾਰ ਨਹੀਂ। ਰਾਗ ਦਾ ਰਸ ਨੇਤ੍ਰਾਂ ਤੋਂ ਪਰੇ ਹੈ, ਪਰੰਤੂ ਆਵਾਜ਼ ਰੂਪ ਵਿਚ ਕੰਨਾਂ ਦੁਆਰਾ ਜਾਣਿਆ ਪਛਾਣਿਆ ਜਾਂਦਾ ਹੈ। ਜੋ ਗਵੱਈਏ ਕਿਸੇ ਵੀ ਰੁੱਤ ਦੇ ਮੁਤਾਬਿਕ ਕਿਸੇ ਰਾਗ ਨੂੰ ਆਰੰਭ ਕਰਦੇ ਹਨ, ਉਹ ਆਪ ਵੀ ਰਸ ਵਿਚ ਮਸਤ ਹੋ ਜਾਂਦੇ ਹਨ, ਤੇ ਇਹ ਗੱਲ ਕੁਦਰਤੀ ਹੈ ਕਿ ਉਸ ਸੁਰ ਤਾਲ ਵਿਚ ਇਕ ਵਿਸ਼ੇਸ਼ ਰਾਗ ਦਾ ਚਿੱਤਰ ਅੰਕਿਤ ਹੋ ਜਾਂਦਾ ਹੈ। ਜੋ ਗਾਉਣ ਵਾਲੇ ਜਾਂ ਸਰੋਤੇ ਉਸ ਰਾਗ ਦਾ ਰਸ ਅੰਤਰ-ਧਿਆਨ ਹੋ ਕੇ ਲੈਂਦੇ ਹਨ, ਉਹ ਰਾਗ ਦਾ ਧਿਆਨ ਕਹਾਉਂਦਾ ਹੈ। ਧਿਆਨ ਕਰਨ ਵੇਲੇ ਦਿਮਾਗ ਵਿਚ ਕਈ ਕਿਸਮ ਦੇ ਰੰਗ ਤੇ ਕਈ ਕਿਸਮ ਦੇ ਚਿੱਤਰ ਅਨੁਭਵ ਰਾਹੀਂ ਆਉਂਦੇ ਹਨ। ਸੰਤ, ਯੋਗੀ ਤੇ ਭਗਤ ਕਵੀਆਂ ਨੇ ਧਿਆਨ ਰਾਹੀਂ ਰਾਗਾਂ ਦੀ ਤਸਵੀਰ ਉਲੀਕੀ ਅਤੇ ਚਿੱਤਰਕਾਰਾਂ ਨੇ ਆਪਣੀ ਕਲਪਨਾ ਰਾਹੀਂ ਰਾਗਾਂ ਦਾ ਚਿੱਤਰ ਤਿਆਰ ਕੀਤਾ ਹੈ। ਇਸ ਕਿਸਮ ਦੇ ਚਿੱਤਰ ਜ਼ਿਆਦਾਤਰ ਮੁਗਲ ਜ਼ਮਾਨੇ ਵਿਚ ਬਣਾਏ ਗਏ ਸਨ। ਹਿੰਦੂ ਚਿੱਤਰਕਾਰਾਂ ਰਾਹੀਂ ਬਣਾਏ ਗਏ ਚਿੱਤਰਾਂ ਵਿਚ ਸ਼ਿਵਜੀ, ਪਾਰਬਤੀ ਜਾਂ ਪਤੀ ਪਤਨੀ ਆਦਿ ਦੇ ਰੂਪ ਵਿਚ ਰਾਗਾਂ ਦਾ ਚਿਤ੍ਰਣ ਕੀਤਾ ਗਿਆ ਹੈ। ਅਤੇ ਮੁਸਲਮਾਨ ਚਿੱਤਰਕਾਰਾਂ ਰਾਹੀਂ ਬਣਾਏ ਗਏ ਚਿੱਤਰਾਂ ਵਿਚ ਦਰਬਾਰ ਦਾ ਦ੍ਰਿਸ਼, ਬਾਦਸ਼ਾਹ ਤੇ ਬੇਗਮ ਦੇ ਰੂਪ ਵਿਚ ਰਾਗਾਂ ਦੇ ਚਿੱਤਰ ਮਿਲਦੇ ਹਨ। ਇਨ੍ਹਾਂ ਦਾ ਕੋਈ ਵੀ ਵਿਗਿਆਨਿਕ ਆਧਾਰ ਨਹੀਂ ਹੈ। ਕਿਉਂਕਿ ਇੱਕੋ ਹੀ ਰਾਗ ਦੇ ਵੱਖੋ ਵੱਖ ਕਿਸਮ ਦੇ ਚਿੱਤਰ ਪਾਏ ਜਾਂਦੇ ਹਨ। ਇਨ੍ਹਾਂ ਵਿਚ ਸਥਾਨ, ਕਪੜਿਆਂ ਦਾ ਰੰਗ ਇਕ ਦੂਜੇ ਤੋਂ ਅੱਡ ਅੱਡ ਹੈ।

ਕੁਝ ਲੋਕਾਂ ਨੇ ਹਰ ਇਕ ਸੁਰ ਦਾ ਸੰਬੰਧ ਕਿਸੇ ਨਾ ਕਿਸੇ ਰਸ ਨਾਲ ਜੋੜਿਆ ਹੈ ਤੇ ਨੌਂ ਰਸਾਂ ਨੂੰ ਇਸ ਤਰ੍ਹਾਂ ਸੱਤ ਸੁਰਾਂ ਵਿਚ ਵੰਡਿਆ ਗਿਆ ਹੈ। ਮੱਧਮ, ਪੰਚਮ ਵਿਚ ਹਾਸ ਤੇ ਸ਼ਿੰਗਾਰ, ਖੜਜ, ਰਿਖਭ, ਪੰਚਮ ਵਿਚ ਬੀਰ, ਰੌਦ੍ਰ, ਅਦਭੁਤ, ਕੋਮਲ ਗੰਧਾਰ, ਕੋਮਲ ਨਿਖਾਧ ਵਿਚ ਕਰੁਣ, ਧੈਵਤ ਤੇ ਭਿਆਨਕ ਅਤੇ ਮੱਧਮ ਵਿਚ ਸ਼ਾਂਤ ਰਸ ਮੰਨਿਆ ਗਿਆ ਹੈ। ਪਰੰਤੂ ਇਹ ਵਿਚਾਰ ਮੰਨਣ ਯੋਗ ਨਹੀਂ ਹੈ। ਕਾਰਨ ਇਹ ਹੈ ਕਿ ਇੱਕੋ ਸੁਰ ਵਿਚ ਪਰਸਪਰ ਵਿਰੋਧੀ ਰਸ ਦੱਸੇ ਗਏ ਹਨ ਜੋ ਬਣਦੇ ਨਹੀਂ। ਮੱਧਮ ਵਿਚ ਇਕ ਪਾਸੇ ਸ਼ਾਂਤ ਰਸ ਅਤੇ ਦੂਜੇ ਪਾਸੇ ਇਸ ਵਿਚ ਹੀ ਹਾਸ ਅਤੇ ਸ਼ਿੰਗਾਰ ਰਸ ਦੱਸੇ ਜਾਂਦੇ ਹਨ, ਇਸ ਤਰ੍ਹਾਂ ਪੰਚਮ ਵਿਚ ਇਕ ਪਾਸੇ ਹਾਸ ਅਤੇ ਸ਼ਿੰਗਾਰ ਅਤੇ ਫਿਰ ਪੰਚਮ ਵਿਚ ਇਸ ਤੋਂ ਉਲਟ ਬੀਰ ਅਤੇ ਰੌਦ੍ਰ ਦੱਸਿਆ ਗਿਆ ਹੈ। ਅਸਲ ਵਿਚ ਇਕ ਸੁਰ ਨੂੰ ਅਲਾਪਣ ਨਾਲ ਕਿਸੇ ਵੀ ਰਸ ਦੀ ਉਤਪਤੀ ਸੰਭਵ ਨਹੀਂ ਹੈ। ਸੁਰ ਇੱਕੋ ਨਹੀਂ ਬਲਕਿ ਜਦੋਂ ਕਿਸੇ ਵੀ ਰਾਗ ਦਾ ਸੰਪੂਰਨ ਅਰੋਹ, ਅਵਰੋਹ ਕਿਹਾ ਜਾਵੇ ਤਾਂ ਵੀ ਕਿਸੇ ਇਕ ਵਿਸ਼ੇਸ਼ ਰਸ ਦਾ ਅਨੁਭਵ ਕਰਨਾ ਸੰਭਵ ਨਹੀਂ ਹੋਵੇਗਾ, ਜਦ ਤੱਕ ਕਿ ਉਨ੍ਹਾਂ ਸੁਰਾਂ ਨਾਲ ਲੋੜੀਂਦੇ ਗੀਤ ਤੇ ਬੋਲ ਜਾਂ ਸ਼ਬਦ ਲੈ ਤੇ ਭਾਵ ਨਾਲ ਨਾ ਜੋੜੇ ਜਾਣ। ਹੁਣ ਤਕ ਧਰੁਪਦ ਗਾਉਣ ਦਾ ਕਾਫ਼ੀ ਰਿਵਾਜ ਰਿਹਾ ਹੈ। ਭੈਰਵੀ ਨੂੰ ਭਗਤੀ ਰਸ ਦੀ ਰਾਗਣੀ ਆਖਿਆ ਜਾਂਦਾ ਹੈ, ਪਰੰਤੂ ਜਦੋਂ ਠੁਮਰੀ ਦਾ ਪ੍ਰਚਾਰ ਹੋਇਆ ਤਾਂ ਭੈਰਵੀ ਦਾ ਸਰੂਪ ਸ਼ਿੰਗਾਰ ਰਸ ਵਿਚ ਬਦਲ ਗਿਆ। ਇਸ ਤਰ੍ਹਾਂ

ਗਾਉਣ ਦੀ ਸ਼ੈਲੀ ਨਾਲ ਰਾਗਾਂ ਦੇ ਰਸ ਉਤੇ ਵੀ ਪ੍ਰਭਾਵ ਪੈਂਦਾ ਹੈ। ਸ਼ਬਦ ਜਾਂ ਬੋਲ ਨਾਲ ਸਾਧਾਰਣ ਲੋਕ ਰਾਗ ਦੇ ਭਾਵ ਨੂੰ ਸਮਝ ਲੈਂਦੇ ਹਨ। ਜੋ ਭੈਰਵੀ ਵਿਚ 'ਬਾਜ਼ੂ ਬੰਦ ਖੁਲ ਖੁਲ ਜਾਏ' ਗਾਇਆ ਜਾਂਦਾ ਹੈ ਤਾਂ ਆਮ ਲੋਕੀ ਇਸ ਨੂੰ ਸ਼ਿੰਗਾਰੀ ਰਾਗ ਸਮਝਦੇ ਹਨ, ਅਤੇ ਉਸ ਵਿਚ 'ਭਸਮ ਅੰਗ ਗੋਰੀ ਸੰਗ' ਜਦੋਂ ਇਹੋ ਬੋਲ ਗਾਏ ਜਾਣ ਤਾਂ ਉਸੇ ਨੂੰ ਭਗਤੀ ਦਾ ਅੰਗ ਸਮਝਿਆ ਜਾਂਦਾ ਹੈ। ਇਸ ਕਰਕੇ ਕੇਵਲ ਰਾਗਾਂ ਦੇ ਸੁਰਾਂ ਨਾਲ ਰਸ ਦਾ ਸੰਬੰਧ ਜੋੜਨਾ ਮੰਨਣ ਯੋਗ ਮਾਲੂਮ ਨਹੀਂ ਹੁੰਦਾ। ਇਸ ਦਾ ਇਕ ਹੋਰ ਪ੍ਰਮਾਣ ਹੈ ਜੋ ਰੁੱਤਾਂ ਅਨੁਸਾਰ ਰਾਗਾਂ ਤੋਂ ਸਿੱਧ ਹੁੰਦਾ ਹੈ। ਬਸੰਤ ਅਤੇ ਬਹਾਰ ਦੋਵੇਂ ਰਾਗ ਬਸਤ ਰੁੱਤ ਵਿਚ ਗਾਏ ਜਾਂਦੇ ਹਨ ਪਰ ਉਨ੍ਹਾਂ ਦੇ ਸਵੱਰ ਇਕ ਦੂਜੇ ਤੋਂ ਉਲਟ ਹਨ। ਬਸੰਤ ਵਿਚ ਰੇ, ਧ ਕੋਮਲ ਹੈ ਤੇ ਬਹਾਰ ਵਿਚ ਮਾ ਰੇ, ਧ ਸ਼ੁੱਧ ਹੈ। ਬਸੰਤ ਵਿਚ ਗ ਨ ਸ਼ੁੱਧ, ਬਹਾਰ ਵਿਚ ਗ ਕੋਮਲ ਅਤੇ ਦੋਵੇਂ ਨੀ। ਬਸੰਤ ਵਿਚ ਦੋਵੇਂ ਮੱਧਮ, ਬਹਾਰ ਦੇ ਕੇਵਲ ਸ਼ੁੱਧ ਮੱਧਮ ਦਾ ਪ੍ਰਯੋਗ ਹੁੰਦਾ ਹੈ। ਬਸੰਤ ਰਾਗ ਦੇ ਤਿੰਨ ਭੇਦ ਹਨ, ਪ੍ਰਾਚੀਨ ਕਾਲ ਵਿਚ ਗਾਏ ਜਾਣ ਵਾਲੇ ਬਸੰਤ ਵਿਚ ਦੋਵੇਂ ਮੱਧਮ ਗੰਧਾਰ, ਧੈਵਤ, ਤੇ ਨੀ ਸ਼ੁੱਧ ਹੈ। ਅੱਜ ਕਲ੍ਹ ਬਸੰਤ ਦੀ ਗਾਇਕੀ ਵਿਚ ਪੰਚਮ ਤੇ ਕੋਮਲ ਧ ਲਾਏ ਜਾਂਦੇ ਹਨ। ਰਾਮਪੁਰ ਘਰਾਣੇ ਦੇ ਕੁਝ ਗਵੱਈਏ ਤੀਬਰ ਮੱਧਮ ਹੀ ਬਸੰਤ ਰਾਗ ਵਿਚ ਵਰਤਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਰਾਗਾਂ ਵਿਚ ਕੇਵਲ ਸੁਰਾਂ ਦੇ ਆਧਾਰ ਤੇ ਰਸ ਨਿਰਣਾ ਕਰਨਾ ਨਿਆਂ ਸੰਗਤ ਨਹੀਂ। ਰਾਗ ਤਾਂ ਬਿਜਲੀ ਵਾਂਗ ਹੈ, ਚਾਹੇ ਉਸ ਨਾਲ ਹੀਟਰ ਜਗਾ ਲਓ, ਚਾਹੇ ਕੂਲਰ। ਰਾਗਾਂ ਵਿਚ ਰਸ ਦੀ ਉਤਪਤੀ ਕਰਨ ਵਾਲੇ ਭਾਵਾਂ ਦਾ ਬਹੁਤ ਮਹੱਤਵ ਹੈ। ਪਰਮੇਸ਼ਰ ਦੇ ਅਨੇਕ ਰੂਪ ਮੰਨੇ ਗਏ ਹਨ। ਜਦੋਂ ਕੋਈ ਜਿਸ ਭਾਵਨਾ ਨਾਲ ਉਸ ਨੂੰ ਦੇਖਦਾ ਹੈ, ਉਸ ਨੂੰ ਉਹੋ ਜਿਹਾ ਰੂਪ ਦਿਖਾਈ ਦਿੰਦਾ ਹੈ। ਤੁਲਸੀ ਦਾਸ ਨੇ ਆਖਿਆ ਹੈ: ਜਾ ਕੀ ਰਹੀ ਭਾਵਨਾ ਜੈਸੀ, ਪ੍ਰਭ ਮੂਰਤ ਦੇਖੀ ਤਿਨ ਤੈਸੀ। ਤੇ ਇਹੋ ਗੱਲ ਰਾਗਾਂ ਤੇ ਵੀ ਲਾਗੂ ਹੁੰਦੀ ਹੈ। ਪਰਮਾਤਮਾ ਦੇ ਖ਼ਾਸ ਬੰਦੇ ਜਿਨ੍ਹਾਂ ਨੂੰ ਉਹ ਧਰਤੀ ਉਤੇ ਖ਼ਾਸ ਖ਼ਾਸ ਕੰਮਾਂ ਲਈ ਭੇਜਦਾ ਹੈ ਉਹ ਸਭ ਗੱਲਾਂ ਵਿਚ ਉਸੇ ਦਾ ਰੂਪ ਦੇਖਦੇ ਹਨ। ਇਸੇ ਲਈ ਅਵਤਾਰ ਪੁਰਸ਼ਾਂ ਨੇ ਗੁਰਬਾਣੀ ਦੇ ਸਾਰੇ ਰਾਗਾਂ ਵਿਚ ਕੇਵਲ ਭਗਤੀ ਰਸ ਹੀ ਦੇਖਿਆ ਹੈ ਪਰੰਤੂ ਦੁੱਖ ਦੀ ਗੱਲ ਇਹ ਹੈ ਕਿ ਉਨ੍ਹਾਂ ਦੇ ਭਗਤੀ ਸਰੂਪ ਰਾਗਾਂ ਵਿਚ ਰਚੇ ਹੋਏ ਸ਼ਬਦ ਅੱਜ ਕਲ੍ਹ ਫਿਲਮੀ ਗੀਤਾਂ ਦੀਆਂ ਧੁਨਾਂ ਉਤੇ ਗਾਏ ਜਾਂਦੇ ਸੁਣਾਈ ਦਿੰਦੇ ਹਨ, ਜਿਨ੍ਹਾਂ ਦੇ ਬੋਲ ਬਹੁਤ ਹੀ ਗੰਦੇ ਹੁੰਦੇ ਹਨ। ਉਨ੍ਹਾਂ ਧੁਨਾਂ ਨੂੰ ਸੁਣ ਕੇ ਭਗਤੀ ਰਸ ਦੇ ਸ਼ਬਦ ਸੁਣਨ ਵਾਲਿਆਂ ਨੂੰ ਫ਼ਿਲਮੀ ਗੀਤਾਂ ਦੇ ਬੋਲ ਯਾਦ ਆ ਜਾਂਦੇ ਹਨ ਤੇ ਸ਼ਬਦ ਦਾ ਮਹੱਤਵ ਜਾਣਨ ਵਾਲਿਆਂ ਨੂੰ ਅਤਿਅੰਤ ਦੁੱਖ ਹੁੰਦਾ ਹੈ।

ਮੈਂ ਕੁਝ ਵਰ੍ਹੇ ਪਹਿਲਾਂ ਜਦ ਆਲ ਇੰਡੀਆ ਰੇਡੀਓ ਸਟੇਸ਼ਨ ਵਿਚ ਅਸਿਸਟੈਂਟ-ਪਰੋਡਿਊਸਰ ਮਯੂਜ਼ਿਕ ਹੋ ਕੇ ਜਲੰਧਰ ਆਇਆ, ਤਾਂ ਮੈਂ ਰਾਗ ਰਾਗਨੀਆਂ ਵਿਚ ਰਚੇ ਹੋਏ ਸ਼ਬਦਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਅੱਛੇ ਰਾਗੀਆਂ ਦੁਆਰਾ ਸ਼ਬਦ ਰਿਕਾਰਡ ਕਰਵਾ ਕੇ ਹਿੰਦੁਸਤਾਨ ਦੇ ਸਾਰੇ ਰੇਡੀਓ ਸਟੇਸ਼ਨਾਂ ਤੇ ਭੇਜੇ। ਇਹੀ ਨਹੀਂ, ਸੂਬੇ

ਦੇ ਗਵੱਈਏ ਜਲੰਧਰ ਆਉਂਦੇ ਸਨ, ਮੈਂ ਉਨ੍ਹਾਂ ਨੂੰ ਸ਼ਬਦ ਗਾਇਨ ਸਿਖਾ ਕੇ ਕਹਿੰਦਾ ਕਿ ਆਪਣੇ ਪ੍ਰਾਂਤਾਂ ਵਿਚ ਜਾ ਕੇ ਇਹ ਸ਼ਬਦ ਗਾਇਆ ਕਰੋ, ਪਰ ਮੈਨੂੰ ਇਸ ਕੰਮ ਕਰਨ ਵਿਚ ਔਖ ਦਾ ਸਾਮ੍ਹਣਾ ਕਰਨਾ ਪਿਆ। ਹਿੰਦੁਸਤਾਨ ਬਹੁਤ ਵੱਡਾ ਦੇਸ਼ ਹੈ ਇਥੇ ਸਾਰੇ ਸ਼ਬਦਾਂ ਦੇ ਉਚਾਰਣ ਵਿਚ ਥੋੜ੍ਹਾ ਥੋੜ੍ਹਾ ਭੇਦ ਪਾਇਆ ਜਾਂਦਾ ਹੈ। ਇਸ ਕਰਕੇ ਬਹੁਤ ਸ਼ਿਕਾਇਤਾਂ ਹੁੰਦੀਆਂ ਸਨ। ਹੋਰ ਪ੍ਰਾਂਤਾਂ ਦੇ ਲੋਕ ਉਚਾਰਣ-ਭੇਦ ਕਾਰਨ ਸ਼ਬਦ ਗਾਉਣ ਤੋਂ ਡਰਨ ਲਗੇ। ਜੇ ਸ਼ਬਦ ਸਹੀ ਹੈ ਤਾਂ ਉਸ ਦੇ ਅਰਥ ਵੀ ਠੀਕ ਹਨ। ਮਾਮੂਲੀ ਉਚਾਰਣ-ਭੇਦ ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ। ਸਮਝਦਾਰ ਲੋਕ ਇਸੇ ਵਿਚਾਰ ਨਾਲ ਸਹਿਮਤ ਹਨ। ਮੇਰਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਅਨੁਸਾਰ ਬਹੁਤ ਸਾਰੇ ਸ਼ਬਦਾਂ ਦੀ ਸਵੱਰਲਿਪੀ ਬਣਾ ਕੇ ਪੁਸਤਕਾਂ ਛਾਪੀਆਂ ਜਾਣ। ਇਸ ਦਾ ਲਾਭ ਇਹ ਹੋਵੇਗਾ ਕਿ ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆਂ ਦੇ ਹਰ ਮੁਲਕ ਦੇ ਲੋਕ, ਸਟਾਫ ਨੋਟੇਸ਼ਨ ਦੀ ਸਹਾਇਤਾ ਨਾਲ ਸ਼ਬਦ ਗਾਇਨ ਸਿੱਖ ਸਕਣਗੇ ਅਤੇ ਕੋਨੇ ਕੋਨੇ ਵਿਚ ਸ਼ਬਦ ਦੀ ਧੁਨ ਸੁਣਾਈ ਦੇਵੇਗੀ।


# A handful of fertilizer and bag full of resuts from IPL

IPL........ helps farmers to grow from strength to strength, towards yet another green revolution. Right from providing top quality fertilizers straight to their door steps to guiding them about better farming techniques ....IPL does it all

Through its wide ranging extension programmes, IPL educates Indian farmers and finds comprehensive solution to their problems at all levels. It arranges educational film shows, tests soil through its network of Soil Testing Vans and ensures the use of right fertilizers Thus making the former more and more prosperous because IPL maintains that farmers are tae back bone of the country.

**INDIAN POTASH LIMITED**

**Northern Regional Officse CO 443-444 Sector 35-C,**

**Chandlgarh-160036 Phone 27720, 21902**

Telex : Telegram MUR Potash 395-275 IPL IN

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਰਾਗ ਜੈਤਸਰੀ :—ਇਸ ਰਾਗ ਵਿਚ ਕਾਵਿ ਰਚਨਾ ਘੱਟ ਮਾਤਰਾ ਵਿਚ ਹੈ ਪਰ ਇਸ ਵਿਚ ਮੁੱਖ ਭਾਵ ਸ਼ਾਂਤ ਕਰੁਣਾ ਅਤੇ ਸ਼ਿੰਗਾਰ ਦੇ ਹਨ । ਸ਼ਾਂਤ ਭਾਵਾਂ ਵਿਚ ਦੱਸਿਆ ਹੈ ਕਿ ਇਸ ਰਾਗ ਵਿਚ ਪਰਮਾਤਮਾ ਤੋਂ ਬਿਨਾਂ ਕੋਈ ਮੀਤ ਨਹੀਂ । ਸਭ ਰਿਸ਼ਤੇਦਾਰ ਅੰਤ ਵਿਚ ਸਹਾਈ ਨਹੀਂ ਹੋਣ ਲੱਗੇ ।[1] ਗੁਰੂ ਤੇਗ ਬਹਾਦਰ ਜੀ ਨੇ ਵੀ ਸੰਸਾਰ ਨੂੰ ਮਿਥਿਆ ਦੱਸਿਆ ਹੈ : —

ਮਨ ਰੇ ਸਾਚਾ ਗਹੋ ਬਿਚਾਰਾ ।
ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ।[2]

ਕਿਤੇ ਕਿਤੇ ਕਰੁਣਾ ਦਾ ਭਾਵ ਵੀ ਉਪਜਾਇਆ ਗਿਆ ਹੈ :

ਹਰਿ ਜੂ ਰਾਖਿ ਲੇਹੁ ਪਤਿ ਮੇਰੀ
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨ ਗਹੀ ਕਿਰਪਾ ਨਿਧਿ ਤੇਰੀ ।[3]

ਇਹਨਾਂ ਭਾਵਾਂ ਦਾ ਪ੍ਰਗਟਾਵਾ ਜੈਤਸਰੀ ਰਾਗ ਰਾਹੀਂ ਹੋ ਸਕਦਾ ਹੈ ਕਿਉਂਕਿ ਇਸ ਰਾਗ ਵਿਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਸੁਰ ਲਗਦੇ ਹਨ । ਜਿਵੇਂ ਕਿ ਪਹਿਲਾਂ ਅਸੀਂ ਦੱਸ ਆਏ ਹਾਂ ਕਿ ਜਿਹਨਾਂ ਰਾਗਾਂ ਵਿਚ ਇਹਨਾਂ ਸੁਰਾਂ ਦਾ ਪ੍ਰਯੋਗ ਹੋਵੇ ਉਹ ਰਾਗ ਕਰੁਣ ਅਤੇ ਸ਼ਾਂਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੁੰਦੇ ਹਨ ।

ਜੈਤਸਰੀ ਰਾਗ ਦੀ ਬਾਣੀ ਵਿਚ ਖੁਸ਼ੀ ਦੇ ਭਾਵ ਵੀ ਪ੍ਰਗਟਾਏ ਗਏ ਹਨ :

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ।
ਵਰੁ ਲੋੜੀਦਾ ਆਇਆ ਵਜੀ ਵਾਧਾਈ ।[4]

ਇਸ ਰਾਗ ਰਾਹੀਂ ਖੁਸ਼ੀ ਦੇ ਭਾਵਾਂ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ, ਕਿਉਂਕਿ ਗੁਰਮਤਿ ਸੰਗੀਤ ਰਤਨ ਭੰਡਾਰ ਵਿਚ ਇਸ ਨੂੰ ਖੁਸ਼ੀ ਨਾਲ ਸੰਬੰਧਤ ਕੀਤਾ ਗਿਆ ਹੈ । ਇਸ ਤਰ੍ਹਾਂ ਜੈਤਸਰੀ ਰਾਗ ਦੀ ਬਾਣੀ ਵਿਚ ਭਾਵ ਅਤੇ ਰਾਗ ਦਾ ਸਫਲ ਸੰਜੋਗ ਸਿਰਜਿਆ ਗਿਆ ਹੈ ।

ਰਾਗ ਟੋਡੀ :—ਇਸ ਰਾਗ ਦੀ ਬਾਣੀ ਵਿਚ ਮਾਇਆ ਦੇ ਪ੍ਰਭਾਵ, ਜੀਵ ਦਾ ਮਾਇਆ ਅਧੀਨ ਹੋਣਾ, ਵਿਜੋਗ ਦੀ ਤੜਪ ਆਦਿ ਵਿਸ਼ਿਆਂ ਨੂੰ ਬਿਆਨ ਕੀਤਾ ਗਿਆ ਹੈ । ਇਹਨਾਂ ਵਿਸ਼ਿਆ ਨਾਲ ਸੰਬੰਧਤ ਭਾਵ ਦੀਆਂ ਕੁਝ ਤੁਕਾਂ ਇਸ ਪ੍ਰਕਾਰ ਹਨ :

ਮਾਈ ਮਾਇਆ ਛਲੁ
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿੰਦ ਭਜਨ ਬਿਨੁ ਹੜ ਕਾ ਜਲੁ ।[5]

— 0 —

ਕਹਉ ਕਹਾ ਅਪਨੀ ਅਧਮਾਈ
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤ ਪ੍ਰਭ ਗਾਈ ।[6]

ਰਾਗ ਟੋਡੀ ਵਿਚ ਇਹਨਾਂ ਭਾਵਾਂ ਦਾ ਪ੍ਰਗਟਾਵਾ ਠੀਕ ਰੂਪ ਵਿਚ ਹੋ ਸਕਦਾ ਹੈ, ਕਿਉਂਕਿ ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਕੋਮਲ ਰੂਪ ਵਿਚ ਪ੍ਰਯੋਗ ਕੀਤੇ ਜਾਂਦੇ ਹਨ । ਇਸ ਲਈ ਇਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟਾਉਣ ਵਿਚ ਸਹਾਇਕ ਹੈ ।[7]

ਇਸ ਰਾਗ ਅਧੀਨ ਦਰਜ ਹੋਈ ਬਾਣੀ ਵਿਚੋਂ ਕਈ ਅਜਿਹੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਜਿਹਨਾਂ ਵਿਚ ਪ੍ਰਭੂ ਤੋਂ ਵਿਛੜੇ ਦੀ ਹਾਲਤ ਦਾ ਵਰਨਣ ਕਰਦਿਆਂ ਮਿਲਣ ਦੀ ਤਾਂਘ ਦਰਸਾਈ ਗਈ ਹੈ :

ਮਾਈ ਮੇਰੇ ਮਨ ਕੀ ਪਿਆਸਾ ।
ਇਕੁ ਖਿਨੁ ਰਹਿ ਨਾ ਸਕਉ ਬਿਨ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਮਨਿ ਆਸਾ ।[8]

— 0 —

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ।
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ ।[9]

ਟੋਡੀ ਰਾਗ ਵਿਚ ਇਹਨਾਂ ਭਾਵਾਂ ਦਾ ਪ੍ਰਗਟਾਵਾ ਹੋਣਾ ਕੋਈ ਅਣਉਚਿਤ ਨਹੀਂ, ਕਿਉਂਕਿ ਡਾ. ਚਰਨ ਸਿੰਘ ਨੇ ਲਿਖਿਆ ਹੈ ਕਿ ਟੋਡੀ ਰਾਗ ਵਿਜੋਗੀ ਭਾਵਾਂ ਨੂੰ ਪ੍ਰਗਟਾਉਣ ਵਿਚ ਸਹਾਈ ਹੁੰਦਾ ਹੈ ।[10] ਪਰ ਇਸ ਰਾਗ ਵਿਚ ਕਈ ਥਾਈਂ ਖੁਸ਼ੀ ਦੇ ਭਾਵ ਵੀ ਪ੍ਰਗਟਾਏ ਗਏ ਹਨ :

ਮਾਈ ਮੇਰੇ ਮਨ ਕੋ ਸੁਖੁ
ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖ ।[11]

ਮਾਸਟਰ ਮੋਹਨ ਸਿੰਘ ਨੇ ਇਸ ਰਾਗ ਨੂੰ ਖੁਸ਼ੀ ਨਾਲ ਸੰਬੰਧਤ ਕੀਤਾ ਹੈ ।[12] ਰਾਗ ਟੋਡੀ ਕੇਵਲ ਇਕ ਭਾਵ ਨੂੰ ਨਹੀਂ ਪ੍ਰਗਟਾਉਂਦਾ ਸਗੋਂ ਆਪਣੀ ਲਚਕੀਲੀ ਬਿਰਤੀ ਕਾਰਨ ਕਈਆਂ ਭਾਵਾਂ ਨੂੰ ਪ੍ਰਗਟਾਉਣ ਵਿਚ ਸਹਾਈ ਹੁੰਦਾ ਹੈ । ਇਸ ਲਈ ਜਿੱਥੇ ਇਹ ਸ਼ਾਂਤ, ਕਰੁਣ, ਵਿਜੋਗ, ਖੁਸ਼ੀ ਆਦਿ ਭਾਵਾਂ ਦਾ ਪ੍ਰਗਟਾਵਾ ਕਰਨ ਵਿਚ ਸਹਾਈ ਹੁੰਦਾ ਹੈ । ਉਥੇ ਇਹ ਭਗਤੀ ਭਾਵਨਾ ਨੂੰ ਵੀ ਪ੍ਰਗਟ ਕਰਨ ਵਿਚ ਸਹਾਈ ਹੁੰਦਾ ਹੈ । ਗੁਰੂ ਕਵੀਆਂ ਨੇ ਅਜਿਹੇ ਭਾਵਾਂ ਵਾਲੀ ਕਾਵਿ ਰਚਨਾ ਵੀ ਕੀਤੀ ਹੈ : —

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ
ਤੈਸੀ ਬੁਧਿ ਕਰਹੁ ਪ੍ਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ।[13]

ਉਪ੍ਰੋਕਤ ਭਾਵ ਵੀ ਟੋਡੀ ਰਾਗ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ, ਕਿਉਂਕਿ ਮਾਸਟਰ ਮੋਹਨ ਸਿੰਘ ਲਿਖਦੇ ਹਨ, ਟੋਡੀ ਭਗਤੀ ਰਸ ਲਈ ਬਹੁਤ ਆਨੰਦਦਾਇਕ ਹੈ ।[14]

ਸੋ ਸਮੁੱਚੇ ਰੂਪ ਵਿਚ ਜਿਥੇ ਟੋਡੀ ਰਾਗ ਵਿਚ ਰਚੀ ਬਾਣੀ ਵਿਚ ਭਾਵਾਂ ਦੀ ਵੰਨ ਸੁਵੰਨਤਾ ਹੈ, ਉਥੇ ਟੋਡੀ ਰਾਗ ਨੂੰ ਇਹਨਾਂ ਵੰਨ ਸੁਵੰਨੇ ਭਾਵਾਂ ਨੂੰ ਪ੍ਰਗਟਾਉਣ ਦੀ ਸਮਰੱਥਾ ਵੀ ਹਾਸਲ ਹੈ ।

**ਰਾਗ ਬੈਰਾੜੀ** : —ਇਸ ਰਾਗ ਦੀ ਬਾਣੀ ਵਿੱਚ ਹਰੀ ਗੁਣ ਗਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ :

ਹਰਿ ਜਨ ਰਾਮ ਨਾਮ ਗੁਨ ਗਾਵੈ ।
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪਨਾ ਗੁਨੁ ਨ ਗਵਾਵੈ ।[15]

—0—

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥
ਕੋਟਿ ਜਨਮ ਕੇ ਦੂਖ ਗਵਾਇਓ ।[16]

ਇਸ ਰਾਗ ਦੀ ਬਾਣੀ ਵਿਚ ਜਿਹੜੇ ਭਾਵ ਪ੍ਰਗਟਾਏ ਗਏ ਹਨ, ਉਹ ਰਾਗ ਦੇ ਭਾਵ ਤੋਂ ਵੱਖਰੇ ਹਨ । ਬੈਰਾੜੀ ਰਾਗ ਵਿੱਚ ਗੰਧਾਰ ਵਾਦੀ ਸੁਰ ਹੈ, ਇਸ ਲਈ ਇਹ ਰਾਗ ਕਰੁਣ ਰਸ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੈ ।[17]ਪਰ ਇਸ ਰਾਗ ਦੀ ਬਾਣੀ ਵਿੱਚ ਅਜਿਹੇ ਭਾਵ ਸਪੱਸ਼ਟ ਰੂਪ ਵਿੱਚ ਨਹੀਂ ਪ੍ਰਗਟਾਏ ਗਏ । ਗੁਰੂ ਕਵੀਆਂ ਨੇ ਮੁੱਖ ਰੂਪ ਵਿਚ ਭਗਤੀ ਭਾਵਨਾ ਨੂੰ ਹੀ ਇਸ ਰਾਗ ਵਿਚ ਵਿਅਕਤ ਕੀਤਾ ਹੈ ।

**ਰਾਗ ਤਿਲੰਗ** : ਰਾਗ ਤਿਲੰਗ ਦੀ ਬਾਣੀ ਵਿਚ ਮੁਸਲਮਾਨੀ ਸ਼ਬਦਾਵਲੀ ਦੀ ਭਰਮਾਰ ਹੈ । ਕੁਝ ਸ਼ਬਦ ਤਾਂ ਬਿਲਕੁਲ ਹੀ ਫਾਰਸੀ ਵਿਚ ਉਚਾਰੇ ਗਏ ਹਨ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ।[18]

—0—

ਖਾਕ ਨੂਰ ਕਰਦੰ ਆਲਮ ਦੁਨੀਆਇ ।[19]

ਇਸ ਰਾਗ ਵਿਚ ਦਰਜ ਭਗਤ ਕਬੀਰ ਅਤੇ ਭਗਤ ਨਾਮਦੇਵ ਜੀ ਦੇ ਸਾਰੇ ਪਦਿਆਂ ਵਿਚ ਮੁਸਲਮਾਨੀ ਸ਼ਬਦਾਵਲੀ ਦਾ ਬਹੁਤ ਪ੍ਰਯੋਗ ਹੋਇਆ ਹੈ । ਡਾ. ਧਰਮਪਾਲ ਮੈਣੀ ਦਸਦੇ ਹਨ ਕਿ ਤਿਲੰਗ ਰਾਗ ਮੁਸਲਮਾਨਾਂ ਦਾ ਮਨ ਭਾਉਂਦਾ ਰਾਗ ਹੈ ।[20] ਇਸ ਲਈ ਮੁਸਲਮਾਨੀ ਸ਼ਬਦਾਵਲੀ ਨਾਲ ਭਰਪੂਰ ਭਾਵ ਜੋ ਤਿਲੰਗ ਰਾਗ ਵਿਚ ਪੇਸ਼ ਹੋਏ ਹਨ ਤਾਂ ਇਹ ਕੋਈ ਅਣਉਚਿਤ ਗੱਲ ਨਹੀਂ ।

ਇਸ ਰਾਗ ਵਿਚ ਕਰੁਣਾ ਭਾਵ ਦੀ ਪੇਸ਼ਕਾਰੀ ਵੀ ਹੋਈ ਹੈ ।[21] ਇਹ ਰਾਗ ਇਸ ਭਾਵ ਨੂੰ ਵੀ ਪ੍ਰਗਟਾਉਣ ਵਿਚ ਸਹਾਇਤਾ ਕਰ ਸਕਦਾ ਹੈ, ਕਿਉਂਕਿ ਇਸ ਰਾਗ ਦਾ ਵਾਦੀ ਸੁਰ ਗੰਧਾਰ ਹੈ ਅਤੇ ਅਸੀਂ ਪਹਿਲੋਂ ਦੱਸ ਚੁੱਕੇ ਹਾਂ ਕਿ ਜਿਹਨਾਂ ਰਾਗਾਂ ਵਿਚ ਗੰਧਾਰ ਵਾਦੀ ਸੁਰ ਹੁੰਦਾ ਹੈ ਉਹ ਰਾਗ ਕਰੁਣਾ ਭਾਵ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਮੰਨੇ ਜਾਂਦੇ ਹਨ ।

ਗੁਰੂ ਸਾਹਿਬਾਨ ਨੇ ਇਸ ਰਾਗ ਵਿਚ ਸ਼ਿੰਗਾਰਕ ਸ਼ਬਦਾਵਾਲੀ ਭਰਪੂਰ ਕੁਝ ਪਦੇ ਵੀ ਰਚੇ ਹਨ, ਪਰ ਇਹਨਾਂ ਵਿਚ ਭਗਤੀ ਭਾਵ ਪ੍ਰਧਾਨ ਹੈ :

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ।
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਇ ।

— —

ਜਿਨ ਕੇ ਚੋਲੜੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ।

— — — —

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ।
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ।[22]

—0—

ਇਆਨੜੀਏ ਮਾਨੜਾ ਕਾਇ ਕਰੇਹਿ
ਆਪਨੜੇ ਘਰਿ ਹਰਿ ਰੰਗੋ ਕੀ ਨ ਮਾਣੇਹਿ ।
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ।[23]

ਤਿਲੰਗ ਰਾਗ ਨੂੰ ਕਈ ਵਿਦਵਾਨਾਂ ਨੇ ਸ਼ਿੰਗਾਰ ਰਸ ਨਾਲ ਵੀ ਸੰਬੰਧਤ ਕੀਤਾ ਹੈ ।[24]

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਤਿਲੰਗ ਰਾਗ ਵਿਚ ਰਚੀ ਬਾਣੀ ਭਾਵ ਅਤੇ ਰਾਗ ਦੇ ਪੱਖੋਂ ਸਮੇਲਤਾ ਰੱਖਦੀ ਹੈ । (ਚਲਦਾ)

---

ਫੁੱਟ ਨੋਟ ਤੇ ਹਵਾਲੇ

1. ਗੁਰੂ ਤੇਗ ਬਹਾਦਰ ਜੀ, ਆਦਿ ਗ੍ਰੰਥ, ਪੰਨਾ 703
2. — ਉਹੀ — ਆਦਿ ਗ੍ਰੰਥ, ਪੰਨਾ 703
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 704
4. ਮਾਸਟਰ ਪ੍ਰੇਮ ਸਿੰਘ, ਗੁਰਮਤਿ ਸੰਗੀਤ ਰਤਨ ਭੰਡਾਰ, ਪੰਨਾ 51
5. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 717
6. — ਉਹੀ ਪੰਨਾ 718
7. ਸ੍ਰੀ ਤੁਲਸੀ ਦਾਸ, ਦੇਵਾਂਗਨ, ਭਾਰਤੀ ਸੰਗੀਤ ਦੇ ਰਸੋਤਪਾਦਕ ਅੰਗ, ਸੰਗੀਤ (ਪੱਤ੍ਰਕਾ) ਫਰਵਰੀ, 1958, ਪੰਨਾ 75
8. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 716
9. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 711

10. ਡਾ. ਚਰਨ ਸਿੰਘ, ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ 4) ਪੰ: 20
11. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 717-718
12. ਮੋਹਨ ਗੁਰਮਤ ਸੰਗੀਤ ਮਾਲਾ, ਪੰਨਾ 11
13. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 712
14. ਮੋਹਨ ਗੁਰਮਤ ਸੰਗੀਤ ਮਾਲਾ, ਪੰਨਾ 11
15, ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 719-720
16, ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 720
17. ਭਰਤ, ਨਾਟ ਸ਼ਾਸਤਰ, ਅਧਿਆਇ 29, ਪੰਨਾ 32

ਹਵਾਲਾ ਭਗਤੀ ਕਾਲੀਨ ਕਾਵਯ ਮੇਂ ਰਾਮ ਔਰ ਰਸ, ਪੰਨਾ 84

18, ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 721
19. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 723
20. ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪ੍ਰੀਚੈ, ਪੰਨਾ 67
21. ਜੈਸੀ ਮੈ ਆਵੈ ਖਸਮ ਕੀ ਬਾਣੀ

ਤੈਸੜਾ ਕਰੀ ਗਿਆਨ ਵੇ ਲਾਲੋ ।

ਵੇਖੋ ਇਹ ਸਾਰਾ ਸ਼ਬਦ—ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 722
22. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 721-722
23. —ਉਹੀ— ਪੰਨਾ 722
24. ਹਰਬੰਸ ਸਿੰਘ (ਗਿਆਨੀ), ਨਿਰਬਾਣ ਕੀਰਤਨ, ਪੰਨਾ 215

# ਕੀਰਤਨ ਟੂਰ–ਮੇਰਾ ਜੀਵਨ ਮਨੋਰਥ

ਜੇ. ਪੀ ਨੰਦਾ

## ਪੂਤਾ ਮਾਤਾ ਕਾ ਅਸੀਸ

ਮੇਰੀ ਮਾਤਾ ਜੀ ਗੁਰੂ ਨਾਨਕ ਘਰ ਦੇ ਅਥਾਹ ਸਰਧਾਲੂ ਸਨ । ਜਦ ਤੋਂ ਹੋਸ਼ ਸੰਭਾਲੀ, ਮਾਤਾ ਜੀ ਨੂੰ ਅੰਮ੍ਰਿਤ ਵੇਲੇ ਉਠ ਕੇ ਗੁਰਦਵਾਰੇ ਜਾਂਦੇ, ਬਾਣੀ ਪੜ੍ਹਦਿਆਂ ਲੱਸੀ ਰਿੜਕਦੇ ਤੇ ਹੋਰ ਘਰ ਦਾ ਕੰਮ ਕਰਦੇ ਹੀ ਦੇਖਿਆ । ਹਰ ਪੂਰਨਮਾਸ਼ੀ ਤੇ, ਜਦ ਹਰੀ ਪੁਰ (ਹਜ਼ਾਰਾਂ PAK) ਹੁੰਦੇ ਤਾਂ ਰਾਤ 2-3 ਵਜੇ ਉਠ ਕੇ ਪੰਜਾ ਸਾਹਿਬ ਇਸ਼ਨਾਨ ਲਈ ਬਸ ਤੇ ਮੈਨੂੰ ਨਾਲ ਲੈ ਜਾਂਦੇ ਤੇ ਉਥੇ ਗੁਰੂ ਨਾਨਕ ਦੇ ਅਪਾਰ ਧੰਨਵਾਦ ਵਿਚ ਸੇਵਾ ਵਿਚ ਜੁੱਟ ਜਾਂਦੇ ਕਿ ਹੇ ਦਾਤਾ, ਤੁਸਾਂ ਮੇਰੀ ਅਰਦਾਸ ਸੁਣ ਕੇ ਮੇਰੇ ਘਰ 22 ਸਾਲ ਮਗਰੋਂ ਉਸ ਪੁੱਤਰ ਦੀ ਦਾਤ ਬਖਸ਼ੀ ਜੋ ਤੇਰਾ ਕੀਰਤਨ ਕਰਦਾ ਹੈ ਤੇ ਕਰਦਾ ਰਹੇਗਾ । ਪੰਜਾ ਸਾਹਿਬ ਮੇਰੇ ਮਾਮਾ ਆਤਮਾ ਰਾਮ ਸਿੰਘ ਜੀ ਨੇ ਗੁਰਦਵਾਰਾ ਸਾਹਿਬ ਤੇ ਕੀਰਤਨ ਦੀ ਸੇਵਾ ਖੂਬ ਨਿਭਾਈ ਸੀ ।

ਇਹ ਮਾਂ ਦੀ ਅਸੀਸ ਤੇ ਗੁਰੂ ਬਾਬੇ ਦੀ ਮੇਹਰ ਹੀ ਸੀ ਕਿ ਬਚਪਨ ਤੋਂ ਹੀ ਕੀਰਤਨ ਦਾ ਸ਼ੌਕ ਇੰਨਾ ਸੀ ਕਿ ਕੋਈ ਵੀ ਕੀਰਤਨ ਪ੍ਰੋਗਰਾਮ ਮਿਸ ਨਾਂ ਕਰਨਾ ਤੇ ਸਭ ਤੋਂ ਪਹਿਲੇ ਸਟੇਜ ਦੇ ਨਜ਼ਦੀਕ ਜਗ੍ਹਾ ਮੱਲ ਕੇ ਬਾਹਰ ਤੋਂ ਆਏ ਕਲਾਕਾਰ ਰਾਗੀਆਂ ਨੂੰ ਕਈ ਕਈ ਘੰਟੇ ਸੁਣਦੇ ਨ ਥੱਕਣਾ ਤੇ ਕਈ ਸੁਰਾਂ ਯਾਦ ਕਰਕੇ ਘਰ ਆਂਦੇ ਹੀ ਹਰਮੋਂ-ਅਮ ਤੇ ਕੱਢ ਲੈਣੀਆਂ 'ਆਸਾ ਦੀ ਵਾਰ' ਦਾ ਕੀਰਤਨ ਤੇ ਪੰਜਵੀਂ ਜਮਾਤ ਵਿਚ ਹੀ ਕਰਨਾ ਸ਼ੁਰੂ ਕਰ ਦਿੱਤਾ ਸੀ । ਗੁਰਦਵਾਰਾ ਸਿੰਘ ਸਭਾ ਵਿਚ ਸ. ਸੁਜਾਨ ਸਿੰਘ ਜੀ (ਪਿਤਾ ਸ ਮੋਹਨ ਸਿੰਘ ਕੋਹਲੀ, (mountnirce fame) ਦੇ ਨਾਲ ਬੈਠ ਕੇ ਕੀਰਤਨ ਕਰਨਾ ਤੇ ਕਈ ਵੇਰ ਆਪਣੇ ਭਾਣਜੇ ਡਾ. ਭਾਈ ਹਰਬੰਸ ਲਾਲ (USA) ਦੇ ਨਾਲ ਆਪਣੇ ਜਥੇ ਦਾ ਕੀਰਤਨ ਦੂਜਿਆਂ ਗੁਰਦਵਾਰਿਆਂ ਵਿਚ ਤੇ ਖਾਸ ਪ੍ਰੋਗਰਾਮਾਂ, ਤੇ ਵੀ ਕਰਨਾ ।

ਖਾਲਸਾ ਹਾਈ ਸਕੂਲ ਵਿਚ ਨੌਵੀਂ ਦਾ ਇਮਤਿਹਾਨ ਦਿੱਤਾ ਤਾਂ ਪਕਿਸਤਾਨ ਬਣਿਆ ਤੇ ਅਸੀਂ ਦੇਵ ਬੰਦ (UP) ਸ਼ਿਫਟ ਕਰ ਗਏ । ਦਸਵੀਂ ਦਾ ਇਮਤਿਹਾਨ ਸ਼ਿਮਲਾ ਵਿਚ ਦੇਣ ਗਿਆ ਤਾ ਗੁਰਦਵਾਰੇ ਸਾਹਿਬ ਹਾਜ਼ਰੀ ਭਰੀ । ਬਾਬਾ ਪ੍ਰੇਮ ਸਿੰਘ (ਹੋਤੀ ਮਰਦਾਨ) ਵਾਲੇ ਕਥਾ ਏਸ ਗੁਰਦਵਾਰੇ ਹੀ ਕਰਦੇ ਸਨ । ਉਹਨਾਂ ਨੇ ਆਪਣੇ ਪਾਸ ਬੁਲਾ ਕੇ ਪਿਆਰ ਦਿੱਤਾ ਤੇ ਪੁੱਛਿਆ ਕਿ ਅੱਗੇ ਕੀ ਕਰਨਾ ਹੈ । ਉਹਨਾਂ ਦੇ ਉਦਮ ਨਾਲ ਹੀ ਮੈਂ ਨੇ ਸਮਰਹਿਲ (ਕਾਲਜ) ਇੰਟਰ ਸਾਇੰਸ ਵਿਚ ਦਾਖਲਾ ਲੈ ਲਿਆ ਤੇ ਇਕ ਸਾਲ ਤੋਂ ਵੱਧ ਉਹਨਾਂ ਦੀ ਸਰਪ੍ਰਸਤੀ ਦਾ ਆਨੰਦ ਮਾਣਿਆ । ਇਕ ਵਾਰ ਤਾਰਾ

ਦੇਵੀ ਦੇ ਛੋਜੀਆਂ ਨੇ ਗੁਰਪੁਰਬ ਮਨਾਉਣ ਲਈ ਇਕ ਜਥਾ ਮੰਗਿਆ ਤਾਂ ਗੁਰਦਵਾਰਾ ਸਿੰਘ ਸਭਾ ਨੇ ਇਸ ਦਾਸੜੇ ਨੂੰ ਜਾਣ ਲਈ ਹੁਕਮ ਕੀਤਾ। ਤਾਰਾ ਦੇਵੀ ਵਾਲੇ ਜਥੇ ਦੀ ਥਾਂ ਦੋ ਬੱਚੇ (ਮੇਰਾ ਦੋਸਤ ਤਬਲੇ ਤੇ ਸਾਥ ਦੇਂਦਾ ਸੀ) ਦੇਖ ਕੇ ਪਹਿਲੇ ਤਾਂ ਝਿਜਕੇ ਪਰ ਜਦ ਪ੍ਰੋਗਰਾਮ ਸ਼ੁਰੂ ਹੋਇਆ ਤਾਂ ਸਾਰੀ ਸੰਗਤ ਨੇ ਉਹ ਪ੍ਰੇਮ ਦਿਖਾਇਆ ਤੇ ਉਹ ਆਨੰਦ ਬੱਝਿਆ ਕਿ ਹੁਣ ਤੀਕ ਯਾਦ ਹੈ।

ਇੰਜਨੀਅਰਿੰਗ ਕਾਲਜ, ਦਇਆਲ ਬਾਗ ਆਗਰਾ ਦੇ ਪਵਿਤ੍ਰ ਵਾਤਾਵਰਣ ਵਿਚ ਦੋ ਗੁਰਮੁਖ ਮਿਤ੍ਰ ਮਿਲੇ ਜਿਹਨਾਂ ਦੇ ਸਹਿਯੋਗ ਨਾਲ ਗੁਰਦਵਾਰਾ ਮਾਈ ਥਾਨ ਹਰ ਐਤਵਾਰ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਹਾਜ਼ਰੀ ਭਰਨ ਦਾ ਅਮੁੱਲ ਅਵਸਰ ਪ੍ਰਾਪਤ ਹੋਇਆ। ਤੇ ਪੜ੍ਹਾਈ ਖਤਮ ਹੋਣ ਤੇ ਗੁਰਦਵਾਰਾ ਪ੍ਰਬੰਧਕਾਂ ਵਲੋਂ ਜੋ ਪਿਆਰ ਤੇ ਸਤਿਕਾਰ ਦਾ ਇਜ਼ਹਾਰ ਹੋਇਆ ਉਹ ਬਿਆਨ ਤੋਂ ਬਾਹਰ ਹੈ।

'ਜੇ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ...

1957 ਵਿਚ ਫਰਟੀਲਾਈਜ਼ਰ ਨਿਗਮ ਸਿੰਦ੍ਰੀ ਵਿਚ ਟਰੇਨੀ ਭਰਤੀ ਹੋਇਆ ਤਾਂ ਸੰਗਤ ਦਾ ਉਤਸ਼ਾਹ ਦੇਖ ਕੇ ਅੰਮ੍ਰਿਤ ਵੇਲੇ ਦਾ ਦੀਵਾਨ ਸ਼ੁਰੂ ਕੀਤਾ ਤੇ ਨਾਲ ਹੀ ਕੋਈ 100 ਕੁ ਬੱਚੇ (12 ਸਾਲ ਤੋਂ ਘਟ) ਗੁਰਬਾਣੀ, ਪਾਠ, ਕੀਰਤਨ ਤੇ ਪੰਜਾਬੀ ਸਿਖਿਆ ਲਈ ਟਰੇਨਿੰਗ ਲੈਣ ਲੱਗੇ ਜਿਸ ਕਰਕੇ ਮੇਰੀ ਹਰ ਰੋਜ਼ ਦੀ ਗੁਰਦਵਾਰੇ ਹਾਜ਼ਰੀ ਹੋ ਗਈ। ਨੰਗਲ ਜਾ ਕੇ ਤਾਂ 'ਗੁਰਬਾਣੀ ਬਾਲ ਕੇਂਦਰ' ਦੀ ਸਥਾਪਨਾ ਹੋਈ ਜਿਸ ਵਿਚ 200 ਬੱਚੇ ਗੁਰਮਤਿ ਟਰੇਨਿੰਗ ਵਿਚ ਇਉਂ ਜੁਟ ਗਏ ਕਿ ਮੇਰਾ ਜੀਵਨ ਉਦੇਸ਼ ਹੀ ਮਾਨੋ ਬੱਚਿਆਂ ਨੂੰ ਗੁਰਮਤ ਟਰੇਨਿੰਗ ਦੇਣਾ ਹੋ ਗਿਆ। ਮੈਂ ਹੋਰ ਸਭ ਕੁਝ ਭੁਲ ਚੁੱਕਿਆ ਸੀ। 1958-1961 ਮੇਰੇ ਜੀਵਨ ਦਾ ਇਕ ਸੁਨੈਹਰੀ ਭਾਗ ਸੀ, ਜਿਸ ਵਿਚ ਬੱਚਿਆਂ ਰਾਹੀਂ ਮੈਂਨੇ ਗੁਰਬਾਣੀ ਗੁਰਇਤਿਹਾਸ ਤੇ ਕੀਰਤਨ ਦੇ ਭਰਪੂਰ ਆਨੰਦ ਪ੍ਰਾਪਤ ਕੀਤੇ। ਮੇਰੀ ਗੁਰਮਤਿ ਦੀ ਸੂਝ ਬੂਝ ਏਹਨਾ ਬੱਚਿਆਂ ਦੇ ਕਾਰਨ ਸੀ।

1962 ਵਿਚ ਮੇਰੀ ਸ਼ਾਦੀ ਇਕ ਐਸੇ ਪਰਿਵਾਰ ਦੀ ਲੜਕੀ ਨਾਲ ਹੋਈ ਜੋ ਕ੍ਰਿਸ਼ਨ ਉਪਾਸ਼ਕ ਸੀ। ਮੇਰੀ ਮਾਤਾ ਜੀ ਨੇ ਏਥੇ ਵੀ ਆਪਣੇ ਉਦਮ ਦਾ ਸਬੂਤ ਦਿੱਤਾ ਤੇ ਸਹਜੇ ਹੀ ਸ਼ਕੁੰਤਲਾ ਜੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗ ਪਏ। ਉਹਨੂੰ ਭਜਨ ਗਾਣ ਦਾ ਸ਼ੌਕ ਤਾਂ ਸੀ ਹੀ, ਇਕ ਦਿਨ ਅੰਮ੍ਰਿਤ ਵੇਲੇ ਜਦ ਮੈਂ ਗੁਰੂ ਨਾਨਕ ਤੋਂ ਉਹਦੇ ਲਈ ਕੀਰਤਨ ਦਾਤ ਮੰਗ ਰਹਿਆ ਸੀ, ਉਹਨੇ ਵੀ ਉਠ ਕੇ ਇਸ਼ਨਾਨ ਕਰਕੇ ਮੇਰੇ ਨਾਲ ਇਹ ਸ਼ਬਦ ਗਾਣਾ ਸ਼ੁਰੂ ਕਰ ਦਿੱਤਾ।

'ਮੀਠੇ ਹਰਿ ਗੁਣ ਗਾਉ, ਜਿੰਦੂ ਤੂੰ ਮੀਠੇ ਹਰਿ ਗੁਣ ਗਾਓ।

ਤਾਂ ਇਉਂ ਲੱਗਿਆ ਕਿ ਉਹ ਜਨਮ ਜਨਮ ਤੋਂ ਮੇਰੀ ਕੀਰਤਨ ਸਾਥੀ ਹੈ। ਗੁਰੂ ਨਾਨਕ ਨੇ ਇਨੀ ਜਲਦੀ ਕ੍ਰਿਪਾ ਕਰ ਦਿੱਤੀ।

ਅਸਾਡਾ ਪਹਿਲਾ ਲੜਕਾ ਵੀ ਬਚਪਨ ਤੋਂ ਗੁਰਦਵਾਰੇ ਜਾਣ ਲੱਗਾ ਤੇ 3 ਸਾਲ ਦੀ ਉਮਰ ਵਿਚ ਨਾਲ ਕੀਰਤਨ ਕਰਨਾ ਸ਼ੁਰੂ ਕੀਤਾ ਤੇ 10/12 ਸਾਲ ਦੀ ਉਮਰ ਵਿਚ ਤਬਲੇ ਦਾ ਸਾਥ ਦੇਣ ਲੱਗ ਪਿਆ। ਏਹ ਗੁਰੂ ਨਾਨਕ ਦੀ ਕ੍ਰਿਪਾ ਹੀ ਤਾਂ ਸੀ ਤੇ ਉਹ ਕ੍ਰਿਪਾ ਮਾਤਾ ਦੀ ਅਸੀਸ ਦਾ ਸਦਕਾ ਹੋਈ।

## ਕੀਰਤਨ ਟੂਰ ਦੀਆਂ ਤਾਂਘਾਂ

ਜਿਸ ਨੂੰ ਮਾਂ ਦੀ ਅਸੀਸ ਤੇ ਗੁਰੂ ਨਾਨਕ ਦੀ ਮੇਹਰ ਵਿਰਸੇ ਵਿਚ ਮਿਲੀ ਹੋਵੇ, ਕਿਉਂ ਨਾ ਆਪਣਾ ਜੀਵਨ ਗੁਰੂ ਅਰਪਨ ਕਰ ਦੇਵੇ ? ਏਸ ਸੋਚ ਨੇ ਕੀਰਤਨ ਟੂਰ ਹੀ ਇਕੋ ਇਕ ਰਸਤਾ ਦਰਸਾਇਆ ਜਿਸ ਦੇ ਨਾਲ ਸਰਬ ਸੰਗਤ ਤਕ ਪਹੁੰਚ ਕੇ ਗੁਰੂ ਦਾ ਪੈਗ਼ਾਮ ਪਹੁੰਚਾਇਆ ਜਾਏ। ਅਸੀਂ ਦੀਵਾਨ ਚੇਲਾ ਰਾਮ ਜੀ ਦੇ ਕੀਰਤਨ ਟੂਰਾਂ ਤੋਂ ਪ੍ਰਭਾਵਤ ਸੀ। ਡਾ. ਕਰਤਾਰ ਸਿੰਘ ਜੀ ਦੇ ਟੂਰਾਂ ਬਾਰੇ ਉਹਨਾਂ ਦੇ ਪਿਆਰਿਆਂ ਤੋਂ ਕਾਫ਼ੀ ਸੁਣਿਆਂ ਤੇ ਉਹਨਾਂ ਦੀਆਂ ਟੇਪਾਂ ਵੀ ਸੁਣੀਆਂ ਸਨ। ਪਰ ਜਦ ਮੇਰੇ ਨੰਗਲ ਦੇ ਇਕ ਮਿੱਤਰ ਨੇ ਆਪਣਾ 15 ਦਿਨਾਂ ਦਾ ਮੋਟਰ ਸਾਈਕਲ ਤੇ ਸਹਿਤ ਪਰਵਾਰ ਟੂਰ ਦਾ ਜ਼ਿਕਰ ਬੜੀ ਦਿਲਚਸਪ ਅੰਦਾਜ਼ ਨਾਲ ਕੀਤਾ ਤਾਂ ਦਿਲ ਵਿਚ ਚਾਅ ਆਇਆ ਕਿ ਕਦੇ ਅਸੀਂ ਵੀ ਕੀਰਤਨ ਟੂਰ ਸਹਿਤ ਪਰਿਵਾਰ ਕਰ ਸਕਾਂਗੇ।

1970 ਵਿਚ ਅਸੀਂ ਆਪਣੀ ਨਵੀਂ ਫ਼ੀਅਟ ਕਾਰ ਏਸੇ ਹੀ ਮੰਤਵ ਨੂੰ ਮੁਖ ਰੱਖ ਕੇ ਲਈ। ਸਾਨੂੰ ਉਤਸ਼ਾਹਤ ਕਰਨ ਲਈ L.T.C. ਦੀ ਸਕੀਮ ਵੀ ਸੀ ਜਿਸ ਨਾਲ 2 ਸਾਲ ਵਿਚ ਇਕ ਵੇਰ ਆਪਣੀ Earned Leave ਲੈ ਕੇ ਦੇਸ਼ ਦੇ ਕਿਸੇ ਵੀ ਕੋਨੇ ਵਿਚ ਗੌਰਮਿੰਟ ਖਰਚ ਤੇ ਜਾ ਸਕਦੇ ਸੀ।

ਸਾਡਾ ਪਹਿਲਾ ਟਰਾਇਲ ਟੂਰ 1000 ਕਿ. ਮੀ. ਦਾ ਭੁਬਨੇਸ਼ਵਰ ਤੋਂ ਰੋੜਕਿਲਾ April 1972 ਵਿਚ ਵਿਸਾਖੀ ਦਾ ਪਰਬ ਮਨਾਉਣ ਲਈ ਜਾਣ ਦਾ ਸੀ ਤੇ ਰਸਤੇ ਵਿਚ ਕਟਕ ਤਾਲਚਰ, ਝਰਸੂ ਗੁੜਾ, ਸੰਬਲਪੁਰ ਗੁਰਦਵਾਰਿਆਂ ਵਿਚ ਵੀ ਹਾਜ਼ਰੀ ਭਰਨ ਦਾ ਖਿਆਲ ਪੈਦਾ ਹੋਇਆ। ਸਭ ਪ੍ਰਵਾਰ ਸਮੇਤ ਅਸੀਂ ਕਾਰ ਤੇ ਸ਼ਾਮਾ ਨੂੰ ਰਵਾਨਾ ਹੋਏ ਤਾਂ ਪਹਲੇ ਹੀ ਪੜਾ ਦੇ ਰਸਤੇ ਵਿਚ ਇਕ Tyre ਫਟ ਗਿਆ। ਅਸੀਂ ਕੁਝ ਘਬਰਾ ਗਏ। ਖੈਰ, ਬਾਕੀ ਪੈਂਡਾਂ ਸਹਜੇ ਹੀ ਬੀਤਿਆ। ਕਾਫ਼ੀ ਖ਼ਾਤਰ ਹੋਈ ਸੰਗਤਾਂ ਵੱਲੋਂ। ਪਰ ਵਾਪਸੀ ਤੇ ਦੋਪਹਿਰ ਦੀ ਗਰਮੀ ਵਿਚ ਜਦ ਕਾਰ ਦਾ Temperature ਵਧਣਾ ਸ਼ੁਰੂ ਹੋਇਆ ਤੇ ਵਧਦਾ ਹੀ ਗਿਆ ਤਾਂ ਫਿਰ ਘਬਰਾ ਗਏ ਅਨਾੜੀ ਤਾਂ ਸੀ ਹੀ। ਪਰ ਜਦ 1975 ਵਿਚ ਡੇਹਰਾਦੂਨ ਜਾਣ ਦਾ ਪ੍ਰੋਗਰਾਮ ਬਣਾਇਆ ਜੋ ਕਰੀਬਨ 5000 ਕਿ. ਮੀ. ਲੰਬਾ ਪੈਂਡਾਂ ਤੇ ਇਕ ਮਹੀਨੇ ਵਿਚ ਪੂਰਾ ਹੋਣਾ ਸੀ ਤਾਂ ਅਸਾਡੇ ਹਿਤੂ ਸਰਕਲ ਵਿਚ ਕੁਝ ਹਲਚਲ ਮਚ ਗਈ ਕਿ ਮੈਂ ਬਿਰਧ ਤੇ ਅਪਾਹਜ ਪਿਤਾ ਜੀ, ਨਾਜਕ ਧਰਮਪਤਨੀ ਤੇ 4 ਛੋਟੇ ਬੱਚੇ (7-12 ਸਾਲ) ਨਾਲ ਲੈ ਕੇ ਵੱਡਾ ਖ਼ਤਰਾ ਮੁਲ ਲੈ ਰਿਹਾ ਹਾਂ। ਰਸਤੇ ਵਿਚ ਕਾਰ ਦੀ ਜਾਂ ਹੋਰ ਹੀ ਕੋਈ ਤਕਲੀਫ਼ ਆ ਪਈ ਤਾਂ ਮੈਂ ਕੱਲਾ ਕੀ ਕਰਾਂਗਾ। ਪਰ ਅਸੀਂ ਤਾਂ ਇਹੋ ਫੜੀ ਹੋਈ ਸੀ ਕਿ ਬਾਬੇ ਦੇ

ਕੀਰਤਨ ਤੇ ਨਿਕਲੇ ਹੋਏ ਅਸਾਨੂੰ ਕਾਹਦਾ ਡਰ ! ਸੁ. ਅਸੀਂ ਤਾਲਚਰ ਅੰਮ੍ਰਿਤ ਵੇਲੇ ਦਾ ਕੀਰਤਨ ਕਰ ਕੇ ਅਰਦਾਸਾ ਸੋਧ ਕੇ ਟੁਰ ਪਏ, ਇਹ ਸੋਚਦੇ ਹੋਇ ਕਿ :

"ਹਉ ਮੂਰਖ ਕਾਰੈ ਲਾਇਆ ਨਾਨਕ ਹਰਿ ਕੰਮੇ ॥"

ਜਦ ਕੋਈ ਵੀ ਕੰਮ ਓਹਦੀ ਓਟ ਆਸਰਾ ਲੈ ਕੇ ਆਰੰਭਿਆ ਜਾਏ ਤੇ ਉਹ ਜ਼ਿਮਾਵਾਰੀ ਓਠਾ ਹੀ ਲੈਂਦਾ ਹੈ ਤੇ ਪੂਰੀ ਤਰਾਂ ਨਿਭਾਂਦਾ ਹੈ। ਕਈ ਕਮਾਲ ਵੇਖਣ 'ਚ ਆਏ। ਗਰਮੀ ਦੀ ਧੁੱਪ ਵਿਚ ਜ਼ਿਆਦਾ ਤਰ ਇਕ ਬੱਦਲ ਦੀ ਟੁਕੜੀ ਅਸਾਡੀ ਕਾਰ ਤੇ ਸਾਇਆ ਕਰਦੀ ਰਹੀ। ਜਦ ਬੱਦਲ ਬਾਰਸ਼ ਦਾ ਰੂਪ ਲੈਣ ਲੱਗੇ ਤਾਂ ਯਾਦ ਆਇਆ ਕਿ ਉਪਰ ਤਾਂ ਬਿਸਤਰ ਤੇ ਹੋਰ ਸਮਾਨ ਹੈ ਜੋ ਭਿਜ ਜਾਊ। (ਪਹਿਲੀ ਵੇਰ ਦਾ ਲੰਬਾ ਸਫਰ ਸੀ ਤੇ ਸਾਮਾਨ ਕੁਝ ਜ਼ਰੂਰਤ ਤੋਂ ਜ਼ਿਆਦਾ ਹੀ ਲੈ ਲਿਆ, ਇੱਕ ਫੋਲਡਿੰਗ ਚਾਰਪਾਈ ਵੀ ਕਿ ਕਿਤੇ ਰਸਤੇ ਵਿਚ ਪਿਤਾ ਜੀ ਨੂੰ ਲਟਾਣਾ ਪਏ। ਇੰਨਾ ਸਾਮਾਨ ਲੈ ਕੇ ਜਦ ਆਪਣੀ ਭੈਣ ਜੀ ਪਾਸ ਪੁੱਜੇ ਤਾਂ ਦੇਖ ਕੇ ਉਹਨਾਂ ਪੁਛਿਆ 'ਕਿਉਂ ਜੀ, ਕੁਝ ਸਾਮਾਨ ਘਰ ਵੀ ਛੱਡਿਆ ਜੇ ਕਿ ਨਹੀਂ ?' ਤਾਂ ਦੇਖਦੇ ਹੀ ਦੇਖਦੇ ਉਸ ਖੇਤਰ ਵਿਚ ਦਾਖਲ ਹੋਏ ਜਿਥੇ ਹੁਣੇ ਹੀ ਬਾਰਸ਼ ਹੋ ਕੇ ਹਟੀ ਸੀ। ਗਰਮ ਟਾਇਰ ਧੁਲ ਕੇ ਠੰਡੇ ਹੋ ਗਏ, ਠੰਡੀ ਹਵਾ ਨੇ ਆਸਡਾ ਵੀ ਸੁਆਗਤ ਕੀਤਾ ਤੇ ਉਪਰ ਦੇ ਬਿਸਤਰ ਵੀ ਸੁੱਕੇ ਰਹੇ। ਧੰਨ ਗੁਰੂ ਨਾਨਕ ! ਇਕ ਵਾਰ ਜਗਾਧਰੀ ਪਾਸ ਟਾਇਰ ਪੰਚਰ ਹੋ ਗਿਆ, ਗਰਮੀ ਵੀ ਸੀ ਤੇ ਥੱਕੇ ਹੋਏ ਵੀ ਸੀ ਤੇ ਟਾਇਰ ਬਦਲਣ ਦੀ ਵੀ ਹਿੰਮਤ ਨਹੀਂ ਸੀ ਤਾਂ ਸਾਹਮਣੇ ਹੀ ਇਕ ਟਾਇਰ ਦੀ ਦੁਕਾਨ ਨਜ਼ਰ ਆਈ ਜਿਸ ਨੇ ਫੌਰਨ ਸਾਰਾ ਕੰਮ ਆਸਾਨ ਕਰ ਦਿੱਤਾ। ਸਾਰੇ ਸਫਰ ਵਿਚ ਫਿਰ ਟਾਇਰ ਪੈਂਚਰ ਹੀ ਨਾ ਹੋਇਆ। ਕਈ ਵੇਰ ਤਾਂ ਸਟੀਅਰਿੰਗ ਤੇ ਹੀ ਨੀਂਦ ਆ ਜਾਂਦੀ ਜਦ ਕਿ ਗੱਡੀ ਪੂਰੀ ਸਪੀਡ ਤੇ ਹੁੰਦੀ, ਤਾਂ ਸਹਜੇ ਹੀ ਠੀਕ ਜਗ੍ਹਾ ਤੇ ਝਟਕੇ ਨਾਲ ਨੀਂਦ ਖੁਲ੍ਹ ਜਾਂਦੀ ਤੇ ਐਕਸੀਡੈਂਟ ਹੁੰਦਿਆਂ ਬਚ ਜਾਂਦਾ। ਸ਼ਾਮ ਦੇ ਦੀਵਾਨ ਵਿਚ ਅਕਸਰ ਹਨੇਰੇ ਵਿਚ ਕੀਰਤਨ ਸ਼ੁਰੂ ਕਰਨਾ ਕਿਉਂ ਕਿ ਪਾਵਰ ਕਟ ਹਰ ਜਗ੍ਹਾ ਚੱਲ ਰਹੀ ਸੀ। ਪਰ ਕੀਰਤਨ ਸ਼ੁਰੂ ਹੁੰਦਿਆਂ ਹੀ ਲਾਈਟ ਦਾ ਆ ਜਾਣਾ ਏਹ ਸਭ ਤੇ ਹੋਰ ਬਹੁਤ ਕੁਝ ਗੁਰੂ ਨਾਨਕ ਦੇ ਕ੍ਰਿਸ਼ਮੇ ਹੀ ਤਾਂ ਸਨ। ਇਸ ਤਰ੍ਹਾਂ ਗੁਰੂ ਨੇ ਆਪਣੇ ਢਾਡੀਆਂ ਦਾ ਖਾਸ ਖਿਆਲ ਰੱਖਿਆ।

ਦਿਨ ਵਿਚ 4-5 ਘੰਟੇ ਦੀ ਡਰਾਵਿੰਗ, 1 ਘੰਟਾ ਗੁਰਦਵਾਰਾ ਢੂੰਡਣ ਲਈ ਤੇ ਇਕ ਘੰਟਾ ਗੁਰਦਵਾਰਾ ਤੇ ਸ਼ਹਿਰ ਚੋਂ ਨਿਕਲਣ ਲਈ, 1 ਘੰਟਾ ਸਾਮਾਨ ਚੜ੍ਹਾਉਂਦਿਅ' ਉਤਾਰਦਿਆਂ ਵੀ ਲੱਗ ਜਾਂਦਾ। ਪੂਰੇ ਟੱਬਰ ਦੇ ਕੱਪੜੇ ਧੋਣੇ ਤੇ ਬੱਚਿਆਂ ਨੂੰ ਤਿਆਰ ਕਰਨਾ ਇਹ ਸ਼ਕੁੰਤਲਾ ਜੀ ਦੀ ਡਿਊਟੀ ਸੀ ਤੇ ਅਸਾਨੂੰ ਏਸ ਟਾਈਮ ਵਿਚ ਕਈ ਪ੍ਰੇਮੀਆਂ ਨਾਲ ਸਤਿਸੰਗ ਵੀ ਕਰਨ ਦਾ ਸਮਾ ਮਿਲ ਜਾਂਦਾ। ਇਸ ਤਰ੍ਹਾਂ ਦਿਨ ਕਾਫੀ Busy ਰਹਿੰਦਾ। ਸਵੇਰੇ/ਸ਼ਾਮ ਕੀਰਤਨ 2/3 ਘੰਟੇ ਹੁੰਦਾ।

(ਚਲਦਾ)

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮ: ੧ ।

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ।
ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ।
ਛੋਡੀਲੇ ਪਾਖੰਡਾ ।
ਨਾਮਿ ਲਇਐ ਜਾਹਿ ਤਰੰਦਾ ।੨।

ਮ: ੧ ।

ਮਾਣਸ ਖਾਣੇ ਕਰਹਿ ਨਿਵਾਜ । ਛੁਰੀ ਵਗਾਇਨਿ ਤਿਨ ਗਲਿ ਤਾਗ ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ । ਉਨਾ ਭਿ ਆਵਹਿ ਓਈ ਸਾਦਿ ।
ਕੂੜੀ ਰਾਸਿ ਕੂੜਾ ਵਾਪਾਰੁ । ਕੂੜੁ ਬੋਲਿ ਕਰਹਿ ਆਹਾਰੁ ।
ਸਰਮ ਧਰਮ ਕਾ ਡੇਰਾ ਦੂਰਿ । ਨਾਨਕ ਕੂੜੁ ਰਹਿਆ ਭਰਪੂਰਿ ।
ਮੱਥੇ ਟਿਕਾ ਤੇੜਿ ਧੋਤਿ ਕਖਾਈ । ਹਥਿ ਛੁਰੀ ਜਗਤ ਕਾਸਾਈ ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ । ਮਲੇਛ ਧਾਨੁ ਲੇ ਪੂਜਹਿ ਪੁਰਾਣੁ ।
ਅਭਾਖਿਆ ਕਾ ਕੁਠਾ ਬਕਰਾ ਖਾਣਾ । ਚਉਕੇ ਉਪਰਿ ਕਿਸੈ ਨ ਜਾਣਾ ।
ਦੇ ਕੈ ਚਉਕਾ ਕਢੀ ਕਾਰ । ਉਪਰਿ ਆਇ ਬੈਠੇ ਕੂੜਿਆਰ ।
ਮਤੁ ਭਿਟੈ ਵੇ ਮਤੁ ਭਿਟੈ । ਇਹੁ ਅੰਨੁ ਅਸਾਡਾ ਫਿਟੈ ।
ਤਨਿ ਫਿਟੈ ਫੇੜ ਕਰੇਨਿ ਮਨਿ ਜੂਠੈ ਚੁਲੀ ਭਰੇਨਿ ।

ਕਹੁ ਨਾਨਕ ਸਚੁ ਧਿਆਈਐ । ਸੁਚਿ ਹੋਵੈ ਤਾ ਸਚੁ ਪਾਈਐ ।੨।

ਵਿਆਖਿਆ :—ਉਪਰ ਦਿੱਤੇ ਦੋਹਾਂ ਸਲੋਕਾਂ ਵਿਚ ਸਾਹਿਬ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਉਸ ਵੇਲੇ ਦੀ ਸਮਾਜਿਕ ਦਸ਼ਾ ਦਾ ਨਕਸ਼ਾ ਹੀ ਖਿੱਚ ਕੇ ਰੱਖ ਦਿੱਤਾ ਹੈ । ਹਜ਼ੂਰ ਪਹਿਲੇ ਸਲੋਕ ਵਿਚ ਕਹਿੰਦੇ ਹਨ ਕਿ ਗਊ ਤੇ ਬ੍ਰਾਹਮਣ (ਜੋ ਤੁਹਾਡੇ ਪੂਜਨੀਯ ਹਨ) ਉਤੇ ਤਾਂ ਮਸੂਲ (ਟੈਕਸ) ਲਾਉਂਦੇ ਹੋ । ਬਗੈਰ ਟੈਕਸ ਲੀਤੇ ਗਊ ਪੁਲ ਤੋਂ ਲੰਘਣ ਨਹੀਂ ਦਿੱਤੀ ਜਾਂਦੀ ਪਰ ਉਸੇ ਹੀ ਗਊ ਦੇ ਗੋਹੇ ਨੂੰ ਪਵਿਤਰ ਜਾਣ ਕੇ ਉਸ ਨਾਲ ਚੌਂਕਾ ਦੇਂਦੇ ਹੋ । ਪਰ ਸਚ ਜਾਣੋ ਕਿ ਇਸ ਤਰ੍ਹਾਂ ਦੇ ਗੋਹੇ ਲੇਪਨ ਨਾਲ ਪਾਰ ਉਤਾਰਾ ਕਦੀਂ ਜੇ ਹੋ ਸਕਣਾ ਹੈ । ਹਿੰਦੂ ਮਸੂਲੀਏ ਤੇਰੇ ਤੇੜ ਲੰਘ ਵਾਲੀ ਧੋਤੀ, ਮੱਥੇ ਤੇ ਟਿੱਕਾ ਤੇ ਹੱਥ ਵਿੱਚ ਛੁਰੀ ਹੈ ਪਰ ਧਾਨ ਮੁਸਲਮਾਨਾਂ, ਜਿਨ੍ਹਾਂ ਨੂੰ ਤੁਸੀਂ ਮਲੇਛ ਕਹਿੰਦੇ ਹੋ ਉਹਨਾਂ ਹੀ ਤੋਂ ਲੈ ਕੇ ਖਾਂਦੇ ਹੋ । (ਹਿੰਦੂ ਮਸੂਲੀਏ ਨੌਕਰ ਸਨ) ਅੰਦਰ ਵੜ ਕੇ ਬੂਹੇ ਬੰਦ ਕਰ ਕੇ

ਜੋ ਠਾਕੁਰ ਪੂਜਦੇ ਹੋ ਤੇ ਬਾਹਰ ਮੁਸਲਮਾਨੀ ਕਿਤਾਬਾਂ ਪੜ੍ਹ ਕੇ ਟੈਕਸ ਵਸੂਲ ਦੇ ਹੋ ਤੇ ਇੰਜ ਤੁਰਕਾਂ ਵਾਲੀ ਰਹੁਰੀਤ ਕਰਦੇ ਹੋ । ਸੋ 'ਇਸ ਤਰ੍ਹਾਂ ਦੀ ਪਾਖੰਡ ਵਾਲੀ ਦੋਹਰੀ ਚਾਲ ਛੱਡ ਦੇ ਤਾਂ ਹੀ ਪਰਮੇਸ਼ਰ ਦੇ ਨਾਮ ਵਿਚ ਲੱਗ ਕੇ ਤੁਰ ਸਕੇਂਗਾ । ਸ਼ਲੋਕ ਦੇ ਦੂਜੇ ਖੜਾਆ ਵਿਚ ਧੰਨਵਾਨ ਹਿੰਦੂ ਤੇ ਮੁਸਲਮਾਨ ਦੋਹਾਂ ਅਧਰਮੀਆਂ ਦਾ ਸਾਂਝਾ ਹਾਲ ਬਿਆਨ ਹੈ ਜੀਓ ।

ਮਨੁੱਖਾਂ ਤੇ ਜ਼ੁਲਮ ਕਰਨ ਵਾਲੇ ਜ਼ਾਲਮ ਤੁਰਕ ਹਾਕਮ ਤੇਰੀਆਂ ਨਿਮਾਜ਼ਾਂ ਪੜ੍ਹਣੀਆਂ ਐਵੇਂ ਵਿਖਾਵਾ ਹੈ ਤੇ ਉਨ੍ਹਾਂ ਲਈ ਛੁਰੀਆ ਦਾ ਕੰਮ ਕਰਨ ਵਾਲੇ ਹਿੰਦੂ ਮੁਲਾਜਮ ਖਤਰੀ ਹਨ ਤੇ ਜਿਨ੍ਹਾਂ ਗਲ ਵਿਚ ਜਨੇਊ ਪਾ ਰੱਖੇ ਹਨ ਤੇ ਉਨ੍ਹਾਂ ਦੇ ਘਰ ਬ੍ਰਾਹਮਣ ਭਜਨ ਕਰਨ ਜਾਂਦੇ ਹਨ ਤੇ ਉਹ (ਮੁਸਲਮਾਨੀ ਰੀਤ ਨਾਲ) ਬਕਰਾ (ਕੱਠਾ) ਕੋਹਿਆ ਹੋਇਆ ਲੈ ਕੇ ਚੌਂਕਾ ਦਿੰਦੇ ਹਨ ਤੇ ਕਾਰਾਂ ਕੱਢਦੇ ਹਨ । ਇਸ ਨੂੰ ਨਾਨਕ ਪਾਤਿਸ਼ਾਹ ਲਾਹਨਤ ਪਾਉਂਦੇ ਹਨ ਜਿਵੇਂ ਕਿ ਮਲਕ ਭਾਗੋ ਦੀ ਸਾਖੀ ਜਗਤ ਪ੍ਰਸਿੱਧ ਹੈ ਕਿ ਕਿਸੇ ਦੇ ਹੱਕ ਨੂੰ ਮਾਰਨ ਵਾਲਾ ਤਾਂ ਲਹੂ ਹੀ ਪੀ ਰਿਹਾ ਹੈ । ਇਸ ਤਰ੍ਹਾ ਕੂੜ ਦੀ ਰਾਸ ਕਮਾਈ ਨਾਲ ਪਾਰ ਉਤਾਰਾ ਨਹੀਂ ਹੋ ਸਕਣਾ । ਖੁਰਾਕ ਦੇ ਨਾਲ ਪੋਸ਼ਾਕ ਵੀ ਹਿੰਦੂ ਖੱਤਰੀਆਂ ਨੇ ਤੁਰਕਾਂ ਦੇ ਖੁਸ਼ ਕਰਨ ਵਾਲੀ ਨੀਲੇ ਰੰਗ ਦੀ ਵਰਦੀ ਵਾਗ ਪਾਉਣੀ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਹਾਕਮਾਂ ਦੀ ਵਫ਼ਾਦਾਰੀ (ਨਜ਼ਰ ਪ੍ਰਵਾਨਗੀ) ਮਿਲੀ ਰਹੇ । ਫਿਰ ਇਹ ਭੌਕਰ ਆਪਣੇ ਘਰੀਂ ਭਗਵਤ ਪੁਰਾਣ ਦੀ ਬ੍ਰਾਹਮਣ ਤੋਂ ਕਥਾ ਕਰਾ ਕੇ ਉਸ ਨੂੰ ਮਾਇਆ ਵੀ ਉਹੀ ਜ਼ੁਲਮ ਨਾਲ ਇਕੱਠੀ ਹੋਈ ਦਿੰਦੇ ਹਨ ਤੇ ਬ੍ਰਾਹਮਣ ਮਾਇਆ ਲੈ, ਭੋਜਨ ਕਰ ਚੂਲੀ ਭਰ ਕੇ ਕਹਿੰਦਾ ਹੈ ਕਿ ਮੈਂ ਸੁੱਚਾ ਹੋ ਗਿਆ । ਸੋ ਗੁਰੂ ਨਾਨਕ ਪਾਤਿਸ਼ਾਹ ਖੋਲ੍ਹ ਕੇ ਕਹਿ ਰਹੇ ਹਨ ਕਿ ਇੰਜ ਸੁੱਚਾ ਹੋ ਹੀ ਨਹੀਂ ਸਕੇਂਗਾ । ਮਨ ਵਿਚ ਤਾਂ ਵਕਾਰਾਂ ਦੀ ਮੈਲ ਹੈ । ਉਸ ਵਾਹਿਗੁਰੂ ਪ੍ਰਮੇਸ਼ਵਰ ਨੂੰ ਇੰਜ ਧੋਖਾ ਦੇ ਕੇ ਕੋਈ ਵੀ ਨਹੀਂ ਤਰ ਸਕਦਾ । ਸੋ ਸੱਚੇ ਦਾ ਨਾਮ ਲੈਣ ਲਈ ਸੁੱਚੀ ਕਿਰਤ ਕਰਨੀ ਵੀ ਜ਼ਰੂਰੀ ਹੈ ।

ਪਉੜੀ : ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ।
ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ।
ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਆ ।
ਦਰ ਮੰਗਨਿ ਭਿਖ ਨ ਪਾਇਦਾ ।੧੯।

ਭਾਵ :—ਪਹਿਲੇ ਸਲੋਕ ਵਿਚ ਉਸ ਵੇਲੇ ਦੇ ਹਿੰਦੂਆਂ ਦੀ ਜੋ ਕੰਮ ਦੇ ਅਸਰ ਨੌਕਰੀ ਤੋਂ ਪ੍ਰਭਾਵਤ ਅੰਦਰੋਂ ਬਾਹਰੋਂ ਉਲਟ ਕਰਮ ਕਰਦੇ ਸਨ ਉਹਨਾਂ ਨੂੰ ਸੁਚੇਤ ਕੀਤਾ ਹੈ । 'ਛੋਡੀਲੇ ਪਾਖੰਡਾ ਨਾਮਿ ਲਇਐ ਜਾਹਿ ਤਰੰਦਾ । ਅਤੇ ਇਸ ਪਉੜੀ ਵਿਚ ਸਾਹਿਬ ਜੀ ਚਿਤਾਵਨੀ ਦੇ ਰਹੇ ਹਨ । ਮਤ ਸਮਝੋ ਉਸ ਪ੍ਰਮਾਤਮਾ ਦੀ ਨਜ਼ਰ ਤੋਂ ਬਚ ਕੇ ਪਾਖੰਡੀ ਤਰ ਜਏਗਾ । ਉਸ ਵਾਹਿਗੁਰੂ ਨੂੰ ਧੋਖਾ ਨਹੀਂ ਦੇ ਸਕਦੇ । ਉਹ ਤਾਂ ਅੰਦਰ ਬੈਠਾ ਸਭ ਦੀਆਂ ਕਰਤੂਤਾਂ ਤੋਂ ਜਾਣੂ ਹੈ । ਜਿਨ੍ਹਾਂ ਹਾਕਮਾਂ ਨੂੰ ਖੁਸ਼ ਕਰਨ ਲਈ ਪਾਖੰਡੀ ਜੀਵਨ ਬਣਾ

ਰਹੇ ਹੋ, ਉਸ ਸਾਹਿਬ ਤੋਂ ਤਾਂ ਉਹ ਵੀ ਨਹੀਂ ਬਚ ਸਕਣਗੇ। ਵਕਤ ਆਉਣ ਤੇ ਇਨ੍ਹਾਂ ਜ਼ਾਲਮ ਹਾਕਮਾਂ ਨੂੰ ਮੰਗਿਆ ਵੀ ਟੁਕੜਾ ਨਸੀਬ ਨਹੀਂ ਹੋ ਸਕੇਗਾ। ਉਹ ਬਾਦਸ਼ਾਹਾਂ ਦਾ ਬਾਦਸ਼ਾਹ ਪਰਵਰਦਗਾਰ ਹੈ। ਉਸ ਦਾ ਆਸਰਾ ਲੈ ਕੇ ਦਿਖਾਵੇ ਵਾਲਾ ਪਾਰਟ ਬੰਦ ਕਰ ਦੇ। ਉਹ 'ਵਡਹੁ ਵਡਾ ਵਡ ਮੇਦਨੀ ਸਿਰ ਸਿਰਿ ਧੰਧੈ ਲਾਇਦਾ'। ਉਸ ਦੇ ਨਾਮ ਵਿਚ ਲੱਗ ਕੇ ਸੁਚੱਜਾ ਜੀਵਨ ਧਾਰਨ ਕਰੋ ਜੀਉ। ਤਾਂ ਹੀ ਆਵਾਗਵਣ ਦੇ ਬੰਧਨ ਟੁੱਟਣਗੇ। (ਚਲਦਾ)

---

# ਮਹਾਨ ਕੀਰਤਨ ਦਰਬਾਰ

**ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ ਪਵਿਤਰ ਯਾਦ ਵਿਚ 13 ਸਤੰਬਰ 1992 ਨੂੰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਲੁਧਿਆਣਾ ਵਿਖੇ ਮਹਾਨ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਹਠ ਲਿਖੇ ਮਹਾਨ ਵਿਅਕਤੀ ਅਤੇ ਕੀਰਤਨੀਏ ਪੁੱਜ ਰਹੇ ਹਨ।**

ਬ੍ਰਹਮਗਿਆਨੀ ਸੰਤ ਬਾਬਾ ਦਲੈਲ ਸਿੰਘ ਜੀ (ਬਿਰੱਕਤ ਸਾਧੂ), ਸੰਤ ਬਾਬਾ ਰਾਮ ਸਿੰਘ ਜੀ ਨਾਨਕਸਰ ਵਾਲੇ, ਮਹੰਤ ਤਾਰਾ ਸਿੰਘ ਸੇਵਾ ਪੰਥੀ, ਨਾਨਕਸਰ ਵਾਲੇ ਮਹਾ-ਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਵਾਲੇ, ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ, ਸਿੰਘ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ, ਭਾਈ ਜਸਬੀਰ ਸਿੰਘ ਜੋਸ਼ੀ ਖਨੇ ਵਾਲੇ, ਗਿਆਨੀ ਦਇਆ ਸਿੰਘ ਦਿਲਬਰ, ਬਲਵੰਤ ਸਿੰਘ ਪ੍ਰੇਮੀ ਤੇ ਨਾਭੇ ਵਾਲੀਆਂ ਬੀਬੀਆਂ, ਭਾਈ ਬਲਵਿੰਦਰ ਸਿੰਘ ਰੰਗੀਲਾ ਚੰਡੀਗੜ੍ਹ ਵਾਲੇ, ਬੀਬੀ ਬਲਜੀਤ ਕੌਰ ਤਲਵਾੜੇ ਵਾਲੇ, ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ), ਭਾਈ ਸਾਹਿਬ ਭਾਈ ਚਮਨ ਲਾਲ ਜੀ, ਭਾਈ ਹਰਬੰਸ ਸਿੰਘ ਜਗਾਧਰੀ ਵਾਲੇ, ਪ੍ਰੋ. ਹਰਚੰਦ ਸਿੰਘ ਜੀ, ਭਾਈ ਗੁਰਚਰਨ ਸਿੰਘ ਰਸੀਆ, ਅਕਾਲ ਸੰਗੀਤ ਸਭਾ, ਅੰਮ੍ਰਿਤਸਰ, ਭਾਈ ਸੋਹਣ ਸਿੰਘ ਮੀਤ, ਕਲੇਰਾਂ ਵਾਲੇ, ਭਾਈ ਦਵਿੰਦਰ ਸਿੰਘ ਜੀ ਸੋਢੀ, ਭਾਈ ਧੰਨਾ ਸਿੰਘ ਜੀ ਨਾਨਕਸਰ ਵਾਲੇ।

ਵੱਲੋਂ :

## ਭਾਈ ਦਵਿੰਦਰ ਸਿੰਘ ਸੋਢੀ

ਅਤੇ ਸਮੂਹ ਸਹਿਯੋਗੀ ਸੱਜਣ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :—

1. B-I, 1041, ਛਾਉਣੀ ਮੁਹੱਲਾ, ਲੁਧਿਆਣਾ। ਫੋਨ : 33695 PP
2. ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਲੁਧਿਆਣਾ। ਫੋਨ : 60952

# ਗੁਰਬਾਣੀ ਸੰਗੀਤ ਅਤੇ ਗੁਰਮਤਿ ਸਮਾਚਾਰ

## ਬਾਬੀਹਾ ਅੰਮ੍ਰਿਤ ਵੇਲੇ ਬੋਲਿਆ

ਕੈਸਟ 'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ' ਸੁਣ ਕੇ ਮਨ ਬੜਾਹੀ ਪ੍ਰਸੰਨ ਹੋਇਆ। ਸ਼ਬਦਾਂ ਦਾ ਗਾਇਨ ਸਰੋਤੇ ਨੂੰ ਵਾਸਤਵ ਵਿਚ ਉਸੇ ਮਾਹੌਲ ਵਿਚ ਲੈ ਜਾਂਦਾ ਹੈ ਤੇ ਬਹੁਤ ਹੀ ਮਨ ਦੇ ਅੰਤਰਕ ਉਸ ਦਾ ਵਾਤਾਵਰਣ ਮਹਿਸੂਸ ਹੋਣ ਲੱਗ ਪੈਂਦਾ ਹੈ ਜਿਵੇਂ ਪਹਿਲਾ ਸ਼ਬਦ ਹੀ ਹੈ 'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ' ਵਾਸਤਵ ਵਿਚ ਇਸ ਹੀ ਮਹਿਸੂਸ ਹੋਣ ਲੱਗਦਾ ਹੈ ਕਿ ਅੰਮ੍ਰਿਤ ਵੇਲੇ ਬਾਬੀਹਾ ਕਿਵੇਂ ਅਰਦਾਸ ਜੋਦੜੀ ਕਰਦਾ ਹੈ ਤੇ ਵਾਹਿਗਰੂ ਉਸ ਦੀ ਅਰਦਾਸ ਤੇ ਕਿਰਪਾ ਕਰਦੇ ਹਨ। ਕੈਸਟ ਸੁਣ ਕੇ ਮਨ ਅੰਦਰ ਜੋ ਆਨੰਦ ਆਉਂਦਾ ਹੈ ਉਹ ਲਫਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਮਨ ਦੀ ਅੰਤਰ ਆਤਮਾ ਹੀ ਮਹਿਸੂਸ ਕਰਦੀ ਹੈ। ਇਹ ਕੈਸਟ ਇਕ ਅਨਮੋਲ ਤੋਹਫਾ ਹੈ। 'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ' ਲਈ ਆਪ ਜੀ ਨੂੰ ਬਹੁਤ ਹਾਰਦਿਕ ਵਧਾਈ ਭੇਜਦਾ ਹਾਂ।

ਟੀ. ਨਰਿੰਦਰ ਪਾਲ ਸਿੰਘ
ਨਵੀਂ ਦਿੱਲੀ

---

ੴ ਵਾਹਿਗੁਰੂ ਜੀ ਕੀ ਫ਼ਤਹਿ।

## ਇਕ ਹੋਰ ਭਗਤ ਪੂਰਨ ਸਿੰਘ ਪੈਦਾ ਕਰੋ

ਸਿੱਖ ਧਰਮ ਤੇ ਸਿੱਖ ਸਾਹਿਤ ਦੇ ਉਘੇ ਵਿਦਵਾਨ ਪ੍ਰੋਫੈਸਰ ਜੋਗਿੰਦਰ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੇਵਾ ਨੂੰ ਪੂਰਨ ਰੂਪ ਵਿਚ ਸਮਰ-ਪਿਤ ਭਗਤ ਪੂਰਨ ਸਿੰਘ ਜੀ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਹੈ, ਕਿ ਸਿੱਖ ਕੌਮ ਵਿਚੋਂ ਇਕ ਹੋਰ ਭਗਤ ਪੂਰਨ ਸਿੰਘ ਪੈਦਾ ਕਰੋ।

ਭਗਤ ਪੂਰਨ ਸਿੰਘ ਜੀ ਦੇ ਜੀਵਨ-ਚਰਿੱਤਰ ਤੇ ਸੇਵਾ ਦੀ ਚਰਚਾ ਕਰਦਿਆਂ ਪ੍ਰੋਫੈਸਰ ਜੋਗਿੰਦਰ ਸਿੰਘ ਨੇ ਆਖਿਆ ਕਿ 'ਸੇਵਾ' ਨੂੰ ਸਮਰਪਿਤ ਹੋ ਕੇ ਹੀ ਕੋਈ ਸਰੀਰ ਬੱਧ ਵਿਅਕਤੀ 'ਭਗਤ' ਵੀ ਬਣ ਸਕਦਾ ਹੈ ਅਤੇ ਆਪਣੇ ਆਪ ਨੂੰ 'ਪੂਰਨ' ਵੀ ਅਖਵਾ ਸਕਦਾ ਹੈ। ਭਗਤ ਪੂਰਨ ਸਿੰਘ ਜੀ ਹਉਮੈ, ਹੰਕਾਰ, ਲੋਭ-ਲਾਲਚ, ਨਿੰਦਾ-ਨਿਖੇਧ ਤੇ ਵੈਰ-ਵਿਰੋਧ ਦੀਆਂ ਦੁਸ਼ਟ-ਬਿਰਤੀਆਂ ਤੋਂ ਬਿਲਕੁਲ ਅਜ਼ਾਦ ਸਨ। ਉਹਨਾਂ ਦਾ ਜੀਵਨ ਇਕ ਮਾਨਸ ਜਾਤਿ ਦਾ, ਸਰਬੱਤ ਦਾ ਭਲੇ ਦਾ, ਸੇਵਾ ਨਾਲ ਸ਼ਿਗਾਰੇ ਇਕ ਪਵਿੱਤਰ ਇਨਸਾਨ ਦਾ, ਗਰੀਬਾਂ, ਅਨਾਥਾਂ ਤੇ ਲਾਵਾਰਸ ਰੋਗੀਆਂ ਦੀ ਸੁਰੱਖਿਆ ਲਈ ਲੋਹਗੜ੍ਹ ਦਾ ਆਦਰਸ਼ ਸੀ।

ਪ੍ਰੋਫੈਸਰ ਜੋਗਿੰਦਰ ਸਿੰਘ ਨੇ ਆਖਿਆ ਕਿ ਇਸ ਵੇਲੇ ਕੌਮ, ਵਿਚੋਂ ਭਗਤ ਪੂਰਨ ਸਿੰਘ ਜੀ ਵਰਗੀ ਸਖਸ਼ੀਅਤ ਨੂੰ ਪੁਨਰ-ਰੂਪ ਵਿਚ ਵੇਖ ਕੇ ਉਜਾਗਰ ਕਰਨਾ ਬੜਾ ਅਸੰਭਵ ਜਾਪਦਾ ਹੈ, ਪਰ ਅਕਾਲ ਪੁਰਖ ਕਿਸੇ ਸਿੱਖ, ਸੰਤ, ਸਾਧ, ਮਹਾਂਪੁਰਸ਼ ਗਿਆਨੀ ਤੇ ਅਭਿਆਸੀ ਉਤੇ ਮਿਹਰ ਕਰੇ, ਇਕ ਹੋਰ ਭਗਤ ਪੂਰਨ ਸਿੰਘ ਪੈਦਾ ਹੋਵੇ, ਤਾਂ ਜੋ ਗੁਰੂ

ਰਾਮਦਾਸ ਜੀ ਦੀ ਪਾਵਨ ਧਰਤੀ ਸ੍ਰੀ ਅੰਮ੍ਰਿਤਸਰ ਵਿਚ ਸਥਿਤ 'ਪਿੰਗਲਵਾੜੇ' ਵਿਚ ਜੋ ਅਨਾਥਾਂ, ਲਾਵਾਰਸ ਰੋਗੀਆਂ ਤੇ ਗਰੀਬਾਂ ਦੀ ਸੇਵਾ ਸੰਭਾਲ ਦਾ ਕਾਰਜ ਹੋ ਰਿਹਾ ਹੈ, ਇਹ ਸੇਵਾ ਦਾ ਕਾਰਜ ਅਗੋਂ ਵੀ ਨਿਰੰਤਰ ਹੁੰਦਾ ਰਹੇ ਇਹ ਮੇਰੀ ਕੀ, ਸਾਰੀ ਕੌਮ ਦੀ ਹਾਰਦਿਕ ਇੱਛਾ ਹੈ।

ਮੈਨੇਜਰ.

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

# YOUNG WRITERS WORKSHOP

A two-day Young Writers Workshop was organized at Academy of Sikh Religion and Culture, Patiala by Young Writers Guidance Centre, a wing of Guru Gobind Singh Study Circle.

Giani Jatinder Singh, Joint Secretary, PWD, Punjab, in his presidential remarks observed that the budding writers must study a lot. He asked the writers to read, weigh and digest whatever they study. He cautioned that objective of writing must not be to see the names in print, or to boost ego rather one must write for welfare of all i.e. Sarbat Da Bhalla.

Former Registrar of Punjab Agricultural University and Additional Deputy Commissioner of Patiala, Mr. Sukhpal Singh in his brief address appreciated the activities of Study Circle and exhorted the budding writers to have a broad outlook and make writing a routine.

Earlier the Workshop was inaugurated by S. Rajdev Singh. Dr. Jodh Singh, Professor of Religious Studies Department, Punjabi University, Patiala advised the writers to take light from Guru Granth Sahib and have a comparative study of all religions. He added, "he who knows one religion, knows no religion".

Among others who acted as resource persons at the Workshop include - Dr Balkar Singh, Head Sri Guru Granth Sahib Department, Punjabi University, Patiala, Dr. Jagjit Singh, Principal Gurmat College, Dr. Joginder Siugh, Dr. Kulraj Singh, Prof. Ram Singh, Chief Organisers Guru Gobind Singh Study Circle, S. Sarabjeet Singh, Assistant Director, Communication Centre, Punjab Agricultural University, Ludhiana and Prof. Tirlochan Singh, Khalsa College, Patiala.

Dr. Gurcharan Singh, Secretary Bhagat Lachman Singh Trust satisfied the queries of writers Dr. Pushpinder Singh, Depty Chief

Secretary, Study Circle informed that next workshop would be held at Lucknow in August, 1992.

Giani Lal Singh, Chairman, Punjab Public Service Commission (Retd.), Dr. Ravi Bhushan, S. Bhagat Singh, former Vice-Chancellor, Punjabi Unicersity, Prof. Roop Singh, Editor Gurmat Perkash, Amritsar also graced the occasion.

All the budding writers were awarded certificates and books. About 40 writers participated from Batala, Raiyya, Zira, Moga, Samana, Ludhiana, Longowal, Gurusar Sudhar, Hoshiarpur and Patiala.

(Renuka S. Singh)

# ਸੁਰ ਲਿਪੀ ਤੇ ਸ਼ਬਦ-ਅਰਥ

# ਰਾਗੁ ਭੈਰਉ

—ਸ. ਉਤਮ ਸਿੰਘ, ਸ. ਹਰਿਭਜਨ ਸਿੰਘ

ਥਾਟ—ਭੈਰਉ ਜਾਤੀ ਸੰਪੂਰਣ ਸਮਾਂ ਦਿਨ ਸੰਧੀਪ੍ਰਕਾਸ਼

ਵਾਦੀ ਧ̱ ਸੰਵਾਦੀ ਰ̱

ਆਰੋਹ :—ਸ ਰ̱, ਗ ਮ ਪ ਧ̱, ਨ ਸਂ

ਅਵਰੋਹ :— ਸਂ ਨ, ਧ̱ ਧ̱ ਪ, ਮ ਗ ਰ̱ ਰੇ ਸ

ਪਕੜ :—ਗ ਮ ਧ̱ ਧ̱ ਪ, ਗ ਮ ਰ̱ ਰ̱ ਸ

ਸੁਰ ਵਿਸਥਾਰ :—ਸ ਗ ਮ ਪ, ਗ ਮ ਧ̱, ਧ̱ ਪ, ਧ̱ ਧ̱ ਪ ਮ ਪ, ਮ ਗ,
ਰ̱ ਗ ਮ ਪ, ਗ ਮ ਰ̱ ਸ, ਸ ਗ ਮ ਪ, ਧ̱ ਧ̱ ਪ, ਮ ਪ ਧ̱
ਮ ਪ ਧ̱, ਨ ਧ̱ ਪ, ਮ ਪ ਧ̱ ਨ ਸਂ, ਧ̱ ਨ ਸਂ, ਧ̱ ਨ ਸਂ ਰ̱ਂ ਸਂ
ਨ ਸਂ ਧ̱ ਧ̱ ਪ, ਮ ਪ ਧ̱ ਪ ਮ, ਗ ਮ ਰ̱ ਸ

ਤਾਲ—ਸੂਲਫਾਕ

| ਅਸਥਾਈ | X | | 0 | | 2 | | 3 | | 0 | |
|---|---|---|---|---|---|---|---|---|---|---|
| | 1 | 2 | 3 | 4 | 5 | 6 | 7 | 8 | 9 | 10 |
| | ਧ̱ | ਪ | ਮ | ਗ | ਮ | ਪ | ਪ | ਪ | — | — |
| | ਜੋ | s | ਜੋ | s | ਦੀ | s | ਸੈ | s | s | s |
| | ਪ | — | ਪ | ਧ̱ | ਨ | — | ਸਂ | ਨ | ਧ̱ | ਪ |
| | ਸੋ | s | ਸੋ | s | ਰੋ | s | ਗੀ | s | s | s |
| | ਧ̱ | — | ਧ̱ | ਪ | ਮ | ਪ | ਮ | ਗ | — | — |
| | ਰੋ | s | ਗ | ਰ | ਹਿ | ਤ | ਮੇ | ਰਾ | s | s |
| | ਗ | ਗ | ਮ | ਗ | ਰ̱ | — | ਸ | — | — | — |
| | ਸ | ਤਿ | ਗੁ | ਰ | ਜੋ | s | ਗੀ | s | s | s |

ਅਤਰਾ :

| | | | | | | | | | |
|---|---|---|---|---|---|---|---|---|---|
| ਮ | — | ਪ | ਧ̱ | ਨ | — | ਸਂ | — | — | — |
| ਹ | ਉ | ਮੈ | s | ਰੋ | s | ਗੁ | s | s | ਮਾs |
| ਰ̱ਂ | — | ਰ̱ਂ | ਗਂ | ਰ̱ਂ | ਸਂ | ਸਂ | — | — | — |
| ਨੁ | ਖ | ਕ | ਉ | ਦੀ | s | ਨਾ | s | s | s |
| ਸਂ | ਨ | ਧ̱ | ਖ | ਮ | ਗ | ਮ | ਪ | — | — |
| ਕਾ | s | s | ਮ | ਰੋ | s | ਗਿ | s | s | ਮੈ |

| | | | | | | | | | |
|---|---|---|---|---|---|---|---|---|---|
| X | | 0 | | 2 | | 3 | | 0 | |
| 1 | 2 | 3 | 4 | 5 | 6 | 7 | 8 | 9 | 10 |
| ਪ | — | ਧੁ | ਨ | ਧੁ | | ਪ | — | — | — |
| ਗ | ਲੁ | ਘ | ਸਿ | ਲੀ | t | ਨਾ | s | s | s |

ਨੋਟ : "ਦ੍ਰਿਸਟਿ ਰੋਗਿ ਪਚਿ ........"ਉਪਰ ਦੇ ਅੰਤਰੇ ਤੇ ਹੀ ਪੜ੍ਹਨਾ ਹੈ ।

ਸੂਲਫਾਕ ਮਾਤ੍ਰਾ 10

| | | | | | | | | | |
|---|---|---|---|---|---|---|---|---|---|
| X | | 0 | | 2 | | 3 | | 0 | |
| 1 | 2 | 3 | 4 | 5 | 6 | 7 | 8 | 9 | 10 |
| ਧਾ | ਧਾ | ਦੀ | ਨਾ | ਕਿਟ | ਧਾ | ਤਿਟ | ਕਤਾ | ਗਦੀ | ਗਿਨਾ |

| | | | |
|---|---|---|---|
| X | ਸਮ | ਤਾਲੀ | 1, 5, 7 |
| 0 | ਖਾਲੀ | ਖਾਲੀ | 3 9 |

ਭੈਰਉ ਮਹਲਾ ੫ ॥ (੧੧੪੦-੪੧)

ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ।੧ ।
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ।੧। ਰਹਾਉ
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ । ੨ ।
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ।੩।
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥
੪ ॥ ੨੦ ॥

ਵਿਆਖਿਆ :—ਹੇ ਭਾਈ ! ਜਿਹੜਾ ਜਿਹੜਾ ਜੀਵ (ਜਗਤ ਵਿਚ) ਦਿੱਸ ਰਿਹਾ ਹੈ, ਹਰੇਕ ਕਿਸੇ ਨ ਕਿਸੇ ਰੋਗ ਵਿਚ ਫਸਿਆ ਹੋਇਆ ਹੈ । (ਅਸਲ) ਜੋਗੀ ਮੇਰਾ ਸਤਿਗੁਰੂ (ਸਭ) ਰੋਗਾਂ ਤੋਂ ਰਹਿਤ ਹੈ । ੧ ! ਰਹਾਉ ।

ਹੇ ਭਾਈ ! (ਪਰਮਾਤਮਾ ਨੇ) ਮਨੁੱਖ ਨੂੰ ਹਉਮੈ ਦਾ ਰੋਗ ਦੇ ਰੱਖਿਆ ਹੈ. ਕਾਮ-ਵਾਸ਼ਨਾ ਦੇ ਰੋਗ ਨੇ ਹਾਥੀ ਨੂੰ ਆਪਣ ਵੱਸ ਵਿਚ ਕੀਤਾ ਹੋਇਆ ਹੈ । (ਦੀਵੇ ਦੀ ਲਾਟ ਨੂੰ) ਵੇਖਣ ਦੇ ਰੋਗ ਦੇ ਕਾਰਨ ਪਤੰਗੇ (ਦੀਵੇ ਦੀ ਲਾਟ ਉਤੇ) ਸੜ ਮਰਦੇ ਹਨ । (ਘੰਡੇ ਹੇੜੇ ਦੀ, ਆਵਾਜ (ਸੁਣਨ) ਦੇ ਰੋਗ ਦੇ ਕਾਰਨ ਹਿਰਨ ਖੁਆਰ ਹੁੰਦੇ ਹਨ ।

(ਬਾਕੀ ਪੰਨਾ 34 ਤੇ)

# ਸੁਰ ਲਿਪੀ ਤੇ ਸ਼ਬਦ-ਅਰਥ

## ਰਾਗ ਪ੍ਰਭਾਤੀ

ਥਾਟ-ਬਿਲਾਵਲ ਜਾਤੀ-ਔੜਵ-ਛਾੜਵ ਸਮਾਂ : ਸਵੇਰ ਦਾ ਪਹਿਲਾ ਪਹਿਰ

ਵਾਦੀ-ਸਂ ਸੰਵਾਦੀ-ਪ

ਵਰਜਤ ਸੂਰ :- ਮ, ਨ ਅਰੋਹ ਵਿੱਚ

ਮ ਅਵਰੋਹ ਵਿੱਚ

ਆਰੋਹ :– ਸ ਰੇ ਗ ਪ ਧ ਸਂ

ਅਵਰੋਹ : –ਸਂ ਨ ਧ ਨ ਪ ਗ ਰੇ ਸ

ਪਕੜ :– ਪ ਧ ਸਂ, ਨ ਧ ਨ ਪ ਪ, ਪ, ਗ ਪ, ਧ, ਪ ਧ

ਸੁਰ ਵਿਸਥਾਰ : ਗ ਰੇ ਗ ਰੇ ਸ, ਰੇ ਸ, ਨ ਧ ਨ ਪ ਧ ਸਂ, ਰੇ ਗ,
ਸ ਗ ਪ ਧ ਗ ਰੇ ਗ ਰੇ ਸ, ਪ ਧ ਨ ਧ ਸਂ ਨ ਧ ਨ, ਧ ਪ, ਧ
ਗ ਪ ਧ ਪ ਧ, ਧ ਪ ਗ ਰੇ ਸ, ਪ ਪ ਧ ਸਂ ਰੇਂ ਸਂ, ਸਂ ਰੇਂ ਗਂ ਰੇਂ ਸਂ,
ਨ ਧ ਨ, ਪ ਧ ਸਂ, ਨ ਧ ਨ ਪ, ਧ ਗ ਪ, ਧ ਪ ਧ, ਗ ਗ ਧ ਧ, ਗ ਰੇ ਗ ਰੇ ਸ

ਤਾਲ ਸੂਲਫਾਕ★

| ਅਸਥਾਈ | X | | 0 | | 2 | | 3 | | 0 | |
|---|---|---|---|---|---|---|---|---|---|---|
| | 1 | 2 | 3 | 4 | 5 | 6 | 7 | 8 | 9 | 10 |
| | ਪ | — | ਧ | — | ਧ | ਸਂ | ਸ | ਸਂ | — | |
| | ਲੋ | s | ਗਾ | s | ਭ | ਰ | ਮਿ | ਠ | s | s |
| | ਸ | ਨ | ਨ | — | ਧ | ਨ | ਪ | — | — | — |
| | ਭੂ | s | ਲ | ਹੁ | ਭਾ | s | ਈ | s | s | s |
| | ਪ | — | ਪ | ਧ | ਧ | ਧ | ਧ | — | — | ਧ |
| | ਖਾ | s | ਲਿ | ਕ | ਖ | ਲ | ਕ | s | s | ਖ |
| | ਪ | ਪ | ਪ | ਧ | ਧ | — | ਧ | ਧ | — | — |
| | ਲ | ਕ | ਮ | ਹਿ | ਖਾ | s | ਲਿ | ਕੁ | s | s |
| | ਪ | — | ਪ | ਪ | ਪ | — | ਗ | — | — | — |
| | ਪੂ | s | ਰਿ | ਰ | ਹਿ | s | ਉ | s | s | s |
| | ਰੇ | ਰੇ | ਰੇ | — | ਸ | — | — | — | — | — |
| | ਸੂ | ਬ | ਠਾ | s | ਈ | s | s | s | s | s |

★ਵੇਖੋ ਪੰਨਾ 31

ਅੰਤਰਾ :

| X | | 0 | | 2 | | 3 | | 0 | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਪ | ਪ | ਧ | | ਸਂ | ਸਂ | ਸਂ | — | — | — |
| ਅ | ਵ | ਲਿ | | ਅ | ਲ | ਹ | ऽ | ऽ | ऽ |
| ਸਂ | ਰੇਂ | ਰੇਂ | ਸਂ | ਗ | ਰੇਂ | ਗਂ | -- | — | — |
| ਨੂ | | ਰੁ | ਉ | ਪਾ | ਇ | ਆ | ऽ | ऽ | ऽ |
| ਨ | ਧ | ਧ | ਧ | ਧ | ਨ | — | — | — | — |
| ਕੁ | ਦ | ਰ | ਤਿ | ਕੇ | ऽ | ऽ | ऽ | ऽ | ऽ |
| ਪ | ਪ | ਧ | — | ਧ | ਸਂ | — | — | — | — |
| ਸ | ਬ | ਬੰ | ऽ | ਦੇ | ऽ | ऽ | ऽ | ऽ | ऽ |

ਨੋਟ :--ਇਹ ਰੀਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾਂ ਵਿਖੇ ਡਾ, ਜਾਗੀਰ ਸਿੰਘ ਜੀ ਨੇ ਪੜ੍ਹੀ ਸੀ। ਜਿਸ ਦੀ ਸੁਰ ਲਿਪੀ ਸ. ਹਰਿਭਜਨ ਸਿੰਘ ਦੁਆਰਾ ਤਿਆਰ ਕੀਤੀ ਗਈ।

# ਪ੍ਰਭਾਤੀ ਕਬੀਰ ਜੀਉ

(੧੩੪੯-੫੦)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਬ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

ਲੋਗਾ ਭਰਮਿ ਨ ਭੂਲਹੁ ਭਾਈ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥ ੧ ॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ, ਤਿਸ ਕਾ ਕੀਆ ਸਭੁ ਕਿਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥
ਅਲਹੁ ਅਲਖੁ ਨ ਜਾਈ ਲਖਿਆ, ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ, ਸਰਬ ਨਿਰੰਜਨ ਡੀਠਾ ॥ ੪ ॥ ੩ ॥

ਵਿਆਖਿਆ :—ਹੇ ਲੋਕੋ ! ਹੇ ਭਾਈ ! (ਰੱਬ ਦੀ ਹਸਤੀ ਬਾਰੇ) ਕਿਸੇ ਭੁਲੇਖੇ ਵਿਚ ਪੈ ਕੇ ਖੁਆਰ ਨਾਹ ਹੋਵੋ। ਉਹ ਰੱਬ ਸਾਰੀ ਖਲਕਤ ਨੂੰ ਪੈਦਾ ਕਰਨ ਵਾਲਾ ਹੈ ਤੇ ਸਾਰੀ ਖਲਕਤ ਵਿਚ ਮੌਜੂਦ ਹੈ, ਉਹ ਸਭ ਥਾਂ ਭਰਪੂਰ ਹੈ। ਰਹਾਉ।

ਸਭ ਤੋਂ ਪਹਿਲਾਂ ਖੁਦਾ ਦਾ ਨੂਰ ਹੀ ਹੈ ਜਿਸ ਨੇ (ਜਗਤ) ਪੈਦਾ ਕੀਤਾ ਹੈ, ਇਹ

ਸਾਰੇ ਜੀਅ ਜੰਤ ਰੱਬ ਦੀ ਕੁਦਰਤ ਦੇ ਹੀ ਬਣਾਏ ਹੋਏ ਹਨ। ਇਕ ਪ੍ਰਭੂ ਦੀ ਹੀ ਜੋਤ ਤੋਂ ਸਾਰਾ ਜਗਤ ਪੈਦਾ ਹੋਇਆ ਹੈ। (ਤਾਂ ਫਿਰ ਕਿਸੇ ਜਾਤ ਮਜ਼ਹਬ ਦੇ ਭੁਲੇਖੇ ਵਿਚ ਪੈ ਕੇ) ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਨਾ ਸਮਝੋ ।੧। ਸਿਰਜਣਹਾਰ ਨੇ ਇੱਕੋ ਹੀ ਮਿੱਟੀ ਤੋਂ (ਭਾਵ ਇਕੋ ਜਿਹੇ ਹੀ ਤੱਤਾਂ ਤੋਂ) ਅਨੇਕਾਂ ਕਿਸਮਾਂ ਦੇ ਜੀਅ-ਜੰਤ ਪੈਦਾ ਕਰ ਦਿੱਤੇ। (ਜਿੱਥੋਂ ਤਕ ਜੀਵਾਂ ਦੇ ਅਸਲੇ ਦਾ ਸੰਬੰਧ ਹੈ) ਨਾਹ ਇਹਨਾਂ ਮਿੱਟੀ ਦੇ ਭਾਂਡਿਆਂ (ਭਾਵ, ਜੀਵਾਂ) ਵਿਚ ਕੋਈ ਊਣਤਾ ਹੈ, ਤੇ ਨਾਹ (ਇਹਨਾਂ ਭਾਂਡਿਆਂ ਦੇ ਬਣਾਣ ਵਾਲੇ) ਘੁਮਿਆਰ ਵਿਚ ।੨।

ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਸਭ ਜੀਵਾਂ ਵਿਚ ਵੱਸਦਾ ਹੈ। ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸੇ ਦਾ ਕੀਤਾ ਹੋ ਰਿਹਾ ਹੈ। ਉਹੀ ਮਨੁੱਖ ਰੱਬ ਦਾ ਪਿਆਰਾ ਬੰਦਾ ਕਿਹਾ ਜਾ ਸਕਦਾ ਹੈ, ਜੋ ਉਸ ਦੀ ਰਜ਼ਾ ਨੂੰ ਪਛਾਣਦਾ ਹੈ ਤੇ ਉਸ ਇਕ ਨਾਲ ਸਾਂਝ ਪਾਂਦਾ ਹੈ। ੩।

ਉਹ ਰੱਬ ਐਸਾ ਹੈ ਜਿਸ ਦਾ ਮੁਕੰਮਲ ਸਰੂਪ ਬਿਆਨ ਤੋਂ ਪਰੇ ਹੈ, ਉਸ ਦੇ ਗੁਣ ਕਹੇ ਨਹੀਂ ਜਾ ਸਕਦੇ। ਕਬੀਰ ਆਖਦਾ ਹੈ ਮੇਰੇ ਗੁਰੂ ਨੇ (ਪ੍ਰਭੂ ਦੇ ਗੁਣਾਂ ਦੀ ਸੂਝ-ਰੂਪ) ਮਿੱਠਾ ਗੁੜ ਮੈਨੂੰ ਦਿੱਤਾ ਹੈ (ਜਿਸ ਦਾ ਸੁਆਦ ਤਾਂ ਮੈਂ ਨਹੀਂ ਦੱਸ ਸਕਦਾ, ਪਰ ਮੈਂ ਉਸ ਮਾਇਆ ਰਹਿਤ ਪ੍ਰਭੂ ਨੂੰ ਹਰ ਥਾਂ ਵੇਖ ਲਿਆ ਹੈ, ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਰਿਹਾ (ਮੇਰੇ ਅੰਦਰ ਕਿਸੇ ਜਾਤ ਜਾਂ ਮਜ਼ਹਬ ਦੇ ਬੰਦਿਆਂ ਦੀ ਉਚਤਾ ਜਾਂ ਨੀਚਤਾ ਦਾ ਭਰਮ ਨਹੀਂ ਰਿਹਾ)। ੪। ੩।

---

(ਪੰਨਾ 31 ਦੀ ਬਾਕੀ)

ਹੇ ਭਾਈ! ਜੀਭ ਦੇ ਰੋਗ ਦੇ ਕਾਰਨ ਮੱਛੀ ਫੜੀ ਜਾਂਦੀ ਹੈ, ਸੁਗੰਧੀ ਦੇ ਕਾਰਨ ਰੋਗ ਦੇ ਕਾਰਨ ਫੁੱਲ ਦੀ ਸੁਗੰਧੀ ਲੈਣ ਦੇ ਰਸ ਦੇ ਕਾਰਨ। ਭੌਰਾ (ਫੁੱਲ ਵਿਚ ਮੀਟਿਆ ਜਾ ਕੇ) ਨਾਸ ਹੋ ਜਾਂਦਾ ਹੈ। ਹੇ ਭਾਈ! ਸਾਰਾ ਜਗਤ ਮੋਹ ਦੇ ਰੋਗ ਦਾ ਸ਼ਿਕਾਰ ਹੋਇਆ ਪਿਆ ਹੈ, ਤ੍ਰਿਗੁਣੀ ਮਾਇਆ ਦੇ ਮੋਹ ਦੇ ਰੋਗ ਵਿਚ ਬੱਝੇ ਹੋਏ ਜੀਵ ਅਨੇਕਾਂ ਵਿਕਾਰ ਕਰਦੇ ਹਨ।੨।

ਹੇ ਭਾਈ। (ਮਨੁੱਖ ਕਿਸੇ ਨ ਕਿਸੇ ਆਤਮਕ) ਰੋਗ ਵਿਚ (ਗ੍ਰਸਿਆ ਹੋਇਆ) ਹੀ ਜੰਮਦਾ ਹੈ, ਉਸ ਰੋਗ ਦੇ ਕਾਰਨ ਹੀ ਮੁੜ ਮੁੜ ਜੂਨਾਂ ਵਿਚ ਭਟਕਦਾ ਰਹਿੰਦਾ ਹੈ, ਰੋਗ ਦੇ ਬੰਧਨਾਂ ਦੇ ਕਾਰਨ (ਜੂਨਾਂ ਵਿਚ) ਭਟਕਣ ਤੋਂ ਰਤਾ ਭਰ ਭੀ ਖਲਾਸੀ ਨਹੀਂ ਪਾ ਸਕਦਾ। ਹੇ ਭਾਈ! ਗੁਰੂ ਦੀ ਸਰਨ ਤੋਂ ਬਿਨਾਂ (ਇਹ) ਰੋਗ ਕਿਸੇ ਤਰ੍ਹਾਂ ਭੀ ਦੂਰ ਨਹੀਂ ਹੁੰਦਾ।੩।

ਹੇ ਭਾਈ! ਜਿਸ ਮਨੁੱਖ ਉਤੇ ਪਰਮਾਤਮਾ ਨੇ ਮਿਹਰ ਕਰ ਦਿੱਤੀ, ਉਸ ਨੂੰ ਉਸ ਨੇ ਬਾਂਹ ਫੜ ਕੇ ਰੋਗ ਵਿਚੋਂ ਬਚਾ ਲਿਆ। ਜਦੋਂ ਉਸ ਦੇ (ਆਤਮਕ ਰੋਗਾਂ ਦੇ ਸਾਰੇ) ਬੰਧਨ ਟੁੱਟ ਗਏ। ਹੇ ਨਾਨਕ! ਆਖ (ਜਿਹੜਾ ਭੀ ਮਨੁੱਖ ਗੁਰੂ ਦੀ ਸਰਨ ਪਿਆ) ਗੁਰੂ ਨੇ (ਉਸ ਦਾ) ਰੋਗ ਮਿਟਾ ਦਿੱਤਾ। ੪। ੭। ੨੦।